ਪਿੱਤਰ ਸੱਤਾ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਉਨ੍ਹਾਂ ਵਿਭਿੰਨ ਰੂਪਾਂ ਅਤੇ ਪ੍ਰਸਥਿਤੀਆਂ ਨੂੰ ਸਮਝਣਾ ਜ਼ਰੂਰੀ ਹੈ, ਜਿਨ੍ਹਾਂ ਕਾਰਨ ਵਿਭਿੰਨ ਖੇਤਰਾਂ ਅਤੇ ਵਿਭਿੰਨ ਕਾਲਾਂ ਵਿੱਚ ਪਿੱਤਰ ਸੱਤਾ ਉੱਭਰਦੀ ਹੈ। ਮਨੁੱਖ ਦਾ ਜਨਮ ਨਰ ਅਤੇ ਮਾਦਾ ਦੇ ਰੂਪ ਵਿਚ ਹੁੰਦਾ ਹੈ। ਪਰ ਹਰ ਸਮਾਜ ਦੀ ਸੰਸਕ੍ਰਿਤੀ ਉਨ੍ਹਾਂ ਨੂੰ ਔਰਤ ਅਤੇ ਮਰਦ ਦੇ ਰੂਪ ਵਿਚ ਵੰਡ ਦਿੰਦੀ ਹੈ। ਮਨੁੱਖ ਦਾ ਨਰ ਅਤੇ ਮਾਦਾ ਦੇ ਰੂਪ ਵਿਚ ਵੰਡਿਆ ਜਾਣਾ ਪ੍ਰਾਕਿਰਤਿਕ ਹੈ। ਜਦਕਿ ਉਸਦਾ ਔਰਤ ਤੇ ਮਰਦ ਦੇ ਰੂਪ ਵਿੱਚ ਵੰਡਿਆ ਜਾਣਾ ਸੰਸਕ੍ਰਿਤਕ ਹੈ। ਲਿੰਗ ਅਤੇ ਜੈਂਡਰ (sexuality/gender) ਵਿਚਕਾਰ ਜੋ ਭੇਦ ਹੈ ਉਹ ਇਹ ਹੈ ਕਿ ਲਿੰਗ (sexuality) ਸ਼ਬਦ ਪੁਰਸ਼ ਅਤੇ ਇਸਤਰੀ ਵਿਚਕਾਰ ਇਕ ਜੈਵਿਕ ਅਰਥ ਵੱਲ ਇਸ਼ਾਰਾ ਕਰਦਾ ਹੈ ਜਦਕਿ ਜੈਂਡਰ ਤੋਂ ਭਾਵ ਉਸਦੇ ਨਾਲ ਬੱਝੇ ਸੰਸਕ੍ਰਿਤਕ ਅਰਥ ਤੋਂ ਹੈ। ਸੰਸਕ੍ਰਿਤੀ ਦੇ ਪ੍ਰਭਾਵ ਕਾਰਨ ਹੀ ਸਮਾਜ ਵਿਚ ਇਹ ਧਾਰਨਾ ਹੈ ਕਿ ਔਰਤਾਂ ਦੇ ਕੁਝ ਪ੍ਰਾਕ੍ਰਿਤਕ ਗੁਣ ਹੁੰਦੇ ਹਨ ਜਿਨ੍ਹਾਂ ਦੇ ਨਾਲ ਹੀ ਉਹ ਪੈਦਾ ਹੁੰਦੀਆਂ ਹਨ ਜਿਵੇਂ ਸ਼ਰਮੀਲਾਪਣ, ਭਾਵੁਕਤਾ, ਦਇਆ ਆਦਿ। ਉਸੇ ਤਰ੍ਹਾਂ ਮਰਦਾਂ ਦੇ ਵੀ ਕੁੱਝ ਪ੍ਰਾਕਿਰਤਕ ਗੁਣ ਹੁੰਦੇ ਹਨ ਜਿਵੇਂ ਵੀਰਤਾ, ਤਰਕਸ਼ੀਲਤਾ, ਕਠੋਰਤਾ ਆਦਿ। ਜਦੋਂ ਸਮਾਜ ਨੇ ਨਰ ਅਤੇ ਮਾਦਾ ਦੇ ਪ੍ਰਾਕਿਰਤਕ ਗੁਣਾਂ ਨੂੰ ਤੈਅ ਕਰ ਦਿੱਤਾ ਤਾਂ ਫਿਰ ਉਸੇ ਆਧਾਰ ਉੱਤੇ ਸਮਾਜ ਦੇ ਕੰਮਾਂ ਦਾ ਵੀ ਵਟਵਾਰਾ ਕਰ ਦਿੱਤਾ ਗਿਆ। ਬਚਪਨ ਤੋਂ ਹੀ ਬੱਚਿਆਂ ਦਾ ਪਾਲਣ-ਪੋਸ਼ਣ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਉਨ੍ਹਾਂ ਵਿੱਚ ਜੈਂਡਰ ਦਾ ਭੇਦ ਪੈਦਾ ਹੋ ਸਕੇ ਅਤੇ ਉਹ ਅਲੱਗ-ਅਲੱਗ ਸੁਭਾਅ ਅਤੇ ਵਿਅਕਤੀਤਵ ਦੇ ਰੂਪ ਵਿਚ ਸਮਾਜ ਵਿਚ ਵਿਚਰਨ। ਇਸੇ ਲਈ ਸੀਮੋਨ ਦਾ ਬੋਇਆ ਕਹਿੰਦੀ ਹੈ ਕਿ, "ਇਸਤਰੀ ਪੈਦਾ ਨਹੀਂ ਹੁੰਦੀ, ਬਲਕਿ ਬਣਾਈ ਜਾਂਦੀ ਹੈ।"

(one is not born, but rather becomes, a woman) ਭਾਵ ਔਰਤ ਦਾ ਅਵਚੇਤਨ ਵੀ ਮਰਦ ਦੁਆਰਾ ਨਿਰਧਾਰਿਤ ਭਾਵ ਬਣਾਇਆ ਜਾਂਦਾ ਹੈ।

ਹਰ ਸਮਾਜ ਦੀ ਸੰਸਕ੍ਰਿਤੀ ਅਲੱਗ ਅਲੱਗ ਹੁੰਦੀ ਹੈ ਅਤੇ ਉਸੇ ਸੰਸਕ੍ਰਿਤੀ ਦੇ ਹਿਸਾਬ ਨਾਲ ਅਲੱਗ ਅਲੱਗ ਸਮਾਜਾਂ ਵਿਚ ਔਰਤ ਦੀ ਸਥਿਤੀ ਵੀ ਅਲੱਗ-ਅਲੱਗ ਹੈ ਅਰਥਾਤ ਭਾਰਤ ਵਿਚ ਔਰਤਾਂ ਦੀ ਸਥਿਤੀ ਫਰਾਂਸ ਦੀਆਂ ਔਰਤਾਂ ਦੀ ਸਥਿਤੀ ਤੋਂ ਅਲੱਗ ਹੈ। ਸਮਾਜ ਬਦਲਦੇ ਹੀ ਔਰਤ ਦੀ ਸਥਿਤੀ ਵੀ ਬਦਲ ਜਾਂਦੀ ਹੈ। ਇਸੇ ਤਰ੍ਹਾਂ ਅਸੀਂ ਸੰਸਕ੍ਰਿਤੀ ਦੇ ਆਧਾਰ ’ਤੇ ਕੀਤੇ ਜਾਂਦੇ ਭੇਦਭਾਵ ਨੂੰ ਜਾਇਜ਼/ਪ੍ਰਮਾਣਿਕ ਨਹੀਂ ਮੰਨ ਸਕਦੇ। ਪ੍ਰਾਕਿਰਤਿਕ ਰੂਪ ਵਿਚ ਔਰਤ ਤੇ ਪੁਰਸ਼ ਵਿਚਕਾਰ ਭੇਦਭਾਵ ਨੂੰ ਪ੍ਰਮਾਣਿਕ ਮੰਨਿਆ ਜਾਂਦਾ ਹੈ ਕਿਉਂਕਿ ਉਹ ਸਮਾਜ ਤੇ ਸੰਸਕ੍ਰਿਤੀ ਬਦਲਣ ’ਤੇ ਵੀ ਨਹੀਂ ਬਦਲਦਾ ਹੈ। ਸੀਮੋਨ ਦ ਬੋਇਆ ਵੀ ਔਰਤ ਤੇ ਮਰਦ ਦੀਆਂ ਬਨਿਆਦੀ ਵਿਲੱਖਣਤਾਵਾਂ ਬਾਰੇ ਆਪਣੀ ਪੁਸਤਕ 'The Second Sex' ਦੇ ਸਾਰਾਂਸ ਭਾਗ ਵਿੱਚ ਲਿਖਦੀ ਹੈ ਕਿ “ਔਰਤ ਅਤੇ ਪੁਰਸ਼ ਵਿਚ ਕੁਝ ਮੂਲ ਭੂਤ ਮੌਲਿਕ ਫ਼ਰਕ ਤਾਂ ਰਹਿਣਗੇ ਹੀ। ਔਰਤ ਦੀ ਸੈਕਸੂਐਲਿਟੀ, ਉਸ ਦੀ ਸੰਵੇਦਨਸ਼ੀਲਤਾ ਅਤੇ ਉਸ ਦੀ ਸੈਕਸੂਅਲ ਦੁਨੀਆਂ ਦੇ ਸਵਾਦ ਵੱਖਰੇ ਹਨ।[2] ਸੀਮੋਨ ਦੀ ਬੋਇਆ ਪ੍ਰਸਿੱਧ ਮਨੋਵਿਗਿਆਨੀ ਫਰਾਇਡ ਦੀਆਂ ਸਿਰਜੀਆਂ ਧਾਰਨਾਵਾਂ ਨੂੰ ਔਰਤ ਵਿਰੋਧੀ ਮੰਨਦੀ ਹੈ ਚਾਹੇ ਉਹ ਨਿਪੁੰਸਕੀਕਰਨ ਦਾ ਸਿਧਾਂਤ ਹੈ ਜਾਂ ਲਿੰਗ-ਘਾਟ ਦਾ ਸਿਧਾਂਤ। ਫਰਾਇਡ ਅਨੁਸਾਰ ਔਰਤ ਅੰਦਰ ਪੈਦਾ ਹੋਇਆ ਨਿਪੁੰਸਕੀਕਰਨ ਦਾ ਕੰਪਲੈਕਸ ਹੀ ਉਸ ਨੂੰ ਸਮਾਜ ਵਿਚ ਮਰਦ ਦੇ ਬਰਾਬਰ ਨਹੀਂ ਹੋਣ ਦਿੰਦਾ ਪਰ ਸੀਮੋਨ ਇਸ ਲਿਬਿਡੋ-ਸਿਧਾਂਤ ਦੀ ਤਹਿ ਵਿਚ ਪਈ ਪੈੱਤਰਿਕ ਸੋਚ ਨੂੰ ਪਹਿਚਾਣਦੀ ਹੈ, ਜੋ ਸੈਕਸ ਅਤੇ ਜੈਂਡਰ ਦੇ ਆਧਾਰ ’ਤੇ ਔਰਤ ਨੂੰ ਨਿਗੂਣਾ ਅਤੇ ਮਰਦ ਨੂੰ ਤਾਕਤਵਰ ਦੱਸਦਿਆਂ ਜੀਵ-ਵਿਗਿਆਨਿਕ ਤੌਰ ਉਤੇ ਉਸਨੂੰ ਸ਼ਕਤੀਸ਼ਾਲੀ ਘੋਸ਼ਿਤ ਕਰਦਾ ਹੈ। ਫਰਾਇਡ ਦੀਆਂ ਧਾਰਨਾਵਾਂ ਦਾ ਵਿਰੋਧ ਕਰਦੀ ਹੋਈ ਸੀਮੋਨ ਕਹਿੰਦੀ ਹੈ ਕਿ,“ਇਹ ਮਨੋਵਿਗਿਆਨ ਹੀ ਹੈ ਜਿਸ ਵਿੱਚ ਪੁਰਸ਼ ਦੀ ਪਰਿਭਾਸ਼ਾ ਮਾਨਵ-ਪ੍ਰਾਣੀ ਦੇ ਤੌਰ ’ਤੇ ਅਤੇ ਔਰਤ ਦੀ ਪਰਿਭਾਸ਼ਾ ਔਰਤ ਦੇ ਰੂਪ ਵਿਚ ਕੀਤੀ ਗਈ ਹੈ। ਜੇ ਉਹ ਮਾਨਵ-ਪ੍ਰਾਣੀ ਦੇ ਤੌਰ ’ਤੇ ਵਿਵਹਾਰ ਕਰਦੀ ਹੈ ਤਾਂ ਕਿਹਾ ਜਾਂਦਾ ਹੈ ਕਿ ਉਹ ਪੁਰਸ਼ ਦੀ ਨਕਲ ਕਰਦੀ ਹੈ।”[3] ਇਸ ਤਰ੍ਹਾਂ ਮਰਦ ਦੀ ਪੈੱਤਰਿਕ ਸੋਚ ਦਾ ਵਿਸਥਾਪਨ ਕਰਦੀ ਹੋਈ ਸੀਮੋਨ ਔਰਤ ਦੀ ਬਰਾਬਰੀ ਦੀ ਗੱਲ ਕਰਦੀ ਹੈ। ਸੀਮੋਨ ਔਰਤ ਨੂੰ ਸਮਾਜਿਕ ਸੰਦਰਭ ਵਿਚ ਸਮਝਣ ਲਈ ਜੀਵ ਵਿਗਿਆਨ, ਮਨੋਵਿਸ਼ਲੇਸ਼ਣ ਅਤੇ ਇਤਿਹਾਸਕ ਭੌਤਿਕਤਾਵਾਦ ਨੂੰ ਅਸਵੀਕਾਰਦੀ ਨਹੀਂ ਬਲਕਿ ਉਹ ਇਹ ਜ਼ਰੂਰ ਕਹਿੰਦੀ ਹੈ ਕਿ,“ਸਰੀਰ, ਸੈਕਸੂਅਲ ਜੀਵਨ ਅਤੇ ਤਕਨੀਕ ਦੇ ਸਾਰੇ ਸਾਧਨ ਅਸਲ ਵਿੱਚ ਪੁਰਸ਼ ਦੇ ਲਈ ਹੀ ਬਣੇ ਹਨ ਅਤੇ ਇਹ ਪੁਰਸ਼ ਹੀ ਹੈ ਜੋ ਇਨ੍ਹਾਂ ਨੂੰ ਆਪਣੀ ਹੋਂਦ ਦੇ ਸੰਦਰਭ ਵਿਚ ਨਿਯਮਤ ਕਰਦਾ ਹੈ।”[4] ਭਾਵ ਸਮਾਜ ਵਿੱਚ ਸਾਰਾ ਕੁੱਝ ਮਰਦ ਦੇ ਦ੍ਰਿਸ਼ਟੀਕੋਣ ਤੋਂ ਹੀ ਸਿਰਜਿਆ ਗਿਆ ਹੈ। ਇਸ ਤਰ੍ਹਾਂ ਕੇਟ ਮਿਲੇਟ ਵੀ ਆਪਣੀ ਪੁਸਤਕ

'Sexual Politices' ਵਿੱਚ ਪਿੱਤਰ ਸੱਤਾ ਦਾ ਵਿਰੋਧ ਕਰਦਿਆਂ ਹੋਇਆ ਮਰਦ ਦੇ ਔਰਤ ਉੱਤੇ ਪ੍ਰਭੁਤਾ ਕਾਇਮ ਕਰਨ ਪਿੱਛੇ ਲਿੰਗਕ ਰਾਜਨੀਤੀ ਨੂੰ ਕਾਰਨ ਮੰਨਦੀ ਹੈ। ਰਾਜਨੀਤੀ ਤੋਂ ਮਿਲੇਟ ਦਾ ਭਾਵ ਸ਼ਕਤੀ ਸੰਬੰਧਾਂ ਤੋਂ ਹੈ। ਜਿਸ ਵਿਚ ਇਕ ਵਰਗ ਸ਼ਕਤੀ ਰਾਹੀ ਦੂਜੇ ਵਰਗ ਉਤੇ ਕੰਟਰੋਲ ਕਰਦਾ ਹੈ। ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਇਹ ਦੂਜਾ ਵਰਗ ਨਾਰੀ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਮਰਦ ਔਰਤਾਂ ’ਤੇ ਸ਼ਾਸਕ ਵਾਂਗ ਪ੍ਰਭੁਤਾ ਕਾਇਮ ਕਰਦਾ ਹੈ। ਮਿਲੇਟ ਦਾ ਇਹ ਸੰਕਲਪ ਫੂਕੋ ਤੇ ਗ੍ਰਾਮਸ਼ੀ ਦੇ ਸੰਕਲਪ ਦੇ ਨੇੜੇ ਹੈ, ਵਰਗ ਪ੍ਰਭੁਤਾ ਨੂੰ ਮਿਲੇਟ ਨੇ ਲਿੰਗ ਪ੍ਰਭੁਤਾ ਵਿੱਚ ਬਦਲ ਦਿੱਤਾ ਹੈ। ਮਿਲੇਟ ਦੇ ਅਨੁਸਾਰ Sexual Politices ਅਸਲ ਵਿਚ ਪਿਤਰਤੰਤਰ ਦੀ ਰਾਜਨੀਤੀ ਹੈ।

ਪਿਤਰਤੰਤਰ ਦੀਆਂ ਇਨ੍ਹਾਂ ਰਾਜਨੀਤੀਆਂ ਕਾਰਨ ਸਮਾਜ ਵਿੱਚ ਔਰਤ ਮਰਦ ਦੁਆਰਾ ਸ਼ਾਸਿਤ ਹੈ। ਅਜਿਹਾ ਸਮਾਜ ਆਰਥਿਕ, ਧਾਰਮਿਕ, ਸਮਾਜਿਕ, ਰਾਜਨੋਤਿਕ, ਸੱਭਿਆਚਾਰਕ, ਕਾਨੂੰਨੀ ਅਤੇ ਕਲਾਤਮਿਕ ਹਰ ਖੇਤਰ ਵਿਚ ਮਰਦ ਨੂੰ ਸਰਦਾਰੀ ਪ੍ਰਦਾਨ ਕਰਕੇ ਔਰਤ ਨੂੰ ਦੁਜੈਲਾ ਦਰਜਾ ਦਿੰਦਾ ਹੈ। ਫਰੈਡ੍ਰਿਕ ਏਂਗਲਜ਼ ਵੀ ਔਰਤ ਦੀ ਸਮਾਜ ਅੰਦਰ ਦੁਜੈਲੀ ਹੋਂਦ ਨੂੰ ਕੁਦਰਤੀ ਵਰਤਾਰਾ ਨਾ ਮੰਨ ਕੇ, ਇਸ ਨੂੰ ਬਦਲਣਯੋਗ ਇਤਿਹਾਸਕ ਪਦਾਰਥਕ ਪ੍ਰਸਥਿਤੀਆਂ ਦਾ ਸਿੱਟਾ ਮੰਨਦਾ ਹੈ। ਏਂਗਲਜ਼ ਔਰਤ ਦੀ ਗ਼ੁਲਾਮੀ ਦੇ ਪ੍ਰਸ਼ਨ ਦਾ ਜਵਾਬ ਜੀਵ-ਵਿਗਿਆਨ ਦੀ ਬਜਾਇ ਇਤਿਹਾਸ ਵਿਚੋਂ ਘੋਖਦਾ ਹੈ ਅਤੇ ਆਪਣੀ ਰਚਨਾ ‘ਟੱਬਰ, ਨਿੱਜੀ ਜਾਇਦਾਦ ਤੇ ਰਾਜ ਦਾ ਮੁੱਢ’ ਵਿਚ ਇਸ ਉਤਪੀੜਨ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਵੀ ਕਰਦਾ ਹੈ। ਪਿੱਤਰ ਸੱਤਾ ਦੇ ਹੋਂਦ ਵਿਚ ਆਉਂਣ ਤੋਂ ਪਹਿਲਾਂ ਵੱਖਰੇ-ਵੱਖਰੇ ਇਤਿਹਾਸਿਕ ਪੜਾਵਾਂ ਦੌਰਾਨ ਸਮਾਜ ਅੰਦਰ ਔਰਤ ਦੇ ਮਰਦ ਦੀ ਸਥਿਤੀ ਬਦਲਵੇਂ ਰੂਪ ਵਿਚ ਸਾਹਮਣੇ ਆਉਂਦੀ ਹੈ। ਆਦਿ ਸਮਾਜ ਵਿਚ ਜਦੋਂ ਮਨੁੱਖ ਕਬੀਲਿਆਂ ਵਿੱਚ ਰਹਿੰਦਾ ਸੀ, ਉਦੋਂ ਮਨੁੱਖ ਅਤੇ ਪ੍ਰਕਿਰਤੀ ਦਾ ਰਿਸ਼ਤਾ ਦਵੰਦਾਤਮਕ ਸੀ। ਮਨੁੱਖ ਇਕੋ ਸਮੇਂ ਪ੍ਰਕਿਰਤੀ ਦੇ ਪੂਰਕ ਵੀ ਸੀ ’ਤੇ ਵਿਰੋਧੀ ਵੀ। ਇਸ ਸਮੇਂ ਸਮਾਜ ਵਿਚ ਔਰਤ ਤੇ ਮਰਦ ਦੇ ਹਿੱਤ ਸਾਂਝੇ ਸਨ। ਔਰਤ ਤੇ ਮਰਦ ਦੋਨੋਂ ਹੀ ਜੀਵਨ ਦੀਆਂ ਬੁਨਿਆਦੀ ਜਰੂਰਤਾਂ ਨੂੰ ਜੁਟਾਉਣ ਵਿੱਚ ਲੱਗੇ ਸਨ। ਇਸ ਸਮਾਜ ਵਿਚ ਔਰਤ ਤੇ ਮਰਦ ਦੀ ਮਿਹਨਤ ਵੀ ਸਾਂਝੀ ਸੀ ਤੇ ਮਾਲਕੀ ਵੀ ਸਾਂਝੀ ਸੀ। ਔਰਤ ਤੇ ਮਰਦ ਵਿਚੋਂ ਕਿਸੇ ਦੇ ਵੀ ਵਿਸ਼ੇਸ਼ ਹੋਣ ਦਾ, ਘਟੀਆਂ ਜਾਂ ਵਧੀਆਂ ਹੋਣ ਦਾ ਸਵਾਲ ਹੀ ਨਹੀਂ ਸੀ। ਆਰੰਭਿਕ ਸਮੇਂ ਵਿਚ ਇਹ ਪੜਾਅ ਸਹਿਗੋਤਰਤਾ ਦਾ ਸੀ, ਜਿਸ ਅਨੁਸਾਰ ਕਿਸੇ ਟੋਲੀ ਦੀਆਂ ਸਾਰੀਆਂ ਔਰਤਾਂ ਤੇ ਮਰਦ ਆਪਸ ਵਿਚ ਪਤੀ-ਪਤਨੀ ਹੀ ਸਨ। ਜਿਸ ਨੂੰ ਟੋਲੀ ਵਿਆਹ ਦਾ ਨਾਂ ਦਿੱਤਾ ਗਿਆ ਹੈ। ਵਿਆਹ ਦਾ ਸੰਕਲਪ ਅਤੇ ਵਿਆਹ ਸੰਬੰਧੀ ਰਸਮਾਂ ਆਦਿ ਤਾਂ ਬਾਅਦ ਵਿੱਚ ਹੋਂਦ ਵਿਚ ਆਈਆਂ। ਔਰਤ ਨੂੰ ਇਨ੍ਹਾਂ ਸਮਾਜਾਂ ਵਿਚ ਮਾਂ ਦੇ ਰੂਪ ਵਿਚ ਸਨਮਾਨ ਹਾਸਲ ਸੀ, ਬੱਚੇ ਦੇ ਬਾਪ ਬਾਰੇ ਕੋਈ ਨਿਸ਼ਚਿਤ ਜਾਣਕਾਰੀ ਪ੍ਰਾਪਤ ਨਹੀਂ ਸੀ ਹੁੰਦੀ। ਪ੍ਰੰਤੂ ਜਦੋਂ ਖੇਤੀਬਾੜੀ, ਪਸ਼ੂਪਾਲਣ ਦਾ ਧੰਦਾ ਸ਼ੁਰੂ ਹੋਇਆ, ਉਸ ਸਦਕਾ ਮਨੁੱਖ ਦੀ ਪਰ-ਨਿਰਭਰਤਾ ਵਧੀ ਅਤੇ ਮਨੁੱਖੀ ਸੰਬੰਧਾਂ ਵਿਚ ਤਬਦੀਲੀ

ਆਈ। ਔਰਤ ਤੇ ਮਰਦ ਜੋੜਾ ਰੂਪ ਵਿਚ ਰਹਿਣ ਲੱਗੇ। ਉਨ੍ਹਾਂ ਅੰਦਰ ਕਿਰਤ ਦੀ ਵੰਡ ਹੋ ਗਈ। ਮਰਦ ਬਾਹਰ ਦੇ ਕੰਮ ਕਰਨ ਲੱਗਿਆ, ਔਰਤ ਘਰ ਦੀ ਜ਼ਿੰਮੇਵਾਰੀ ਸੰਭਾਲਣ ਲੱਗੀ, ਜਿਸਦੇ ਪਿਛੋਕੜ ਵਿਚ ਔਰਤ ਦਾ ਗਰਭਵਤੀ ਹੋਣਾ, ਬੱਚੇ ਨੂੰ ਜਨਮ ਦੇਣਾ ਅਤੇ ਬੱਚੇ ਦੇ ਪਾਲਣ-ਪੋਸ਼ਣ ਕਰਨ ਦੀਆਂ ਜ਼ਿੰਮੇਵਾਰੀਆਂ ਆਦਿ ਕਾਰਨ ਕੰਮ ਕਰਦੇ ਸਨ। ਇਸ ਸਭ ਦੇ ਨਤੀਜੇ ਵਜੋਂ ਉਤਪਾਦਨੀ ਸਾਧਨ ਮਰਦ ਦੇ ਹੱਥ ਵਿਚ ਆ ਗਏ, ਮਰਦ ਦੀ ਅੰਦਰੂਨੀ ਹਉਮੈਂ ਨੇ 'ਨਿੱਜ' ਦੇ ਸੰਕਲਪ ਨੂੰ ਜਨਮ ਦਿੱਤਾ। ਨਿੱਜੀ ਜਾਇਦਾਦ ਦੀ ਭਾਵਨਾ ਪੈਦਾ ਹੋਣ ਲੱਗੀ ਤਾਂ ਜਾਇਦਾਦ ਨੂੰ ਸੰਭਾਲਣ ਲਈ 'ਵਾਰਿਸ' ਦੀ ਲੋੜ ਮਹਿਸੂਸ ਹੋਈ। ਇਹ ਲੋੜ ਮਰਦ ਦੀ ਆਪਣੀ ਔਰਤ ਹੀ ਪੂਰੀ ਕਰ ਸਕਦੀ ਸੀ, ਇਸ ਤਰ੍ਹਾਂ ਔਰਤ ਮਰਦ ਸੰਬੰਧਾਂ ਅੰਦਰ ਮਰਦ ਅੰਦਰਲੀ ਨਿੱਜਤਾ ਸ਼ਾਮਿਲ ਹੋ ਗਈ। ਔਰਤ ਦੀ ਗ਼ੁਲਾਮੀ ਦਾ ਇਤਿਹਾਸ ਜੋੜਾ ਵਿਆਹ ਤੇ ਨਿੱਜੀ ਜਾਇਦਾਦ ਰਾਹੀ ਹੀ ਸ਼ੁਰੂ ਹੁੰਦਾ ਹੈ ਕਿਉਂਕਿ ਇਸ ਵਿਵਸਥਾ ਨੇ ਪਰਿਵਾਰ ਵਿਚ ਮਰਦ ਨੂੰ ਮਾਲਕੀ ਪ੍ਰਦਾਨ ਕਰ ਦਿੱਤੀ ਹੌਲੀ-ਹੌਲੀ ਮਾਤਰੀ ਹੱਕ ਘਟਦਾ ਗਿਆ ਅਤੇ ਸਮਾਜ ਵਿਚ ਪਿਤਰੀ ਹੱਕ ਵੱਧਦਾ ਗਿਆ। ਮਾਤਰੀ ਹੱਕ ਦੀ ਇਸ ਹਾਰ ਨੂੰ ਏਂਗਲਜ਼ ਇਤਿਹਾਸਕ ਹਾਰ ਮੰਨਦਾ ਹੈ। (Engels referred to it as the earliest system of domination establishing that Patriarchy is "the world historical defeat of the female sex")

"ਮਾਤਰੀ ਹੱਕ ਦਾ ਤਖ਼ਤਾ ਉਲਟਿਆ ਜਾਣਾ ਮਦੀਨ ਜਿਨਸ ਦੀ ਸੰਸਾਰ ਇਤਿਹਾਸਿਕ ਹਾਰ ਸੀ। ਘਰ ਵਿਚ ਵੀ ਮਰਦ ਨੇ ਵਾਗਡੋਰ ਸੰਭਾਲ ਲਈ। ਇਸਤਰੀ ਦਾ ਦਰਜਾ ਨੀਵਾਂ ਹੋ ਗਿਆ। ਉਸਨੂੰ ਗੁਲਾਮ ਬਣਾ ਲਿਆ ਗਿਆ। ਉਹ ਮਰਦ ਦੀ ਵਾਸ਼ਨਾ ਦੀ ਗ਼ੁਲਾਮ ਬਣ ਗਈ, ਬੱਚੇ ਪੈਦਾ ਕਰਨ ਲਈ ਕੇਵਲ ਇਕ ਸਾਧਨ।"[5]

ਮਰਦ ਦੀ ਮਾਲਕੀ ਅਤੇ ਹਉਮੈ ਸਦਕਾ ਔਰਤ ਦੁਜੈਲੇ ਸਥਾਨ 'ਤੇ ਆ ਜਾਂਦੀ ਹੈ। ਜਿਸ ਨਾਲ ਔਰਤ ਮਰਦ ਸੰਬੰਧਾਂ ਅੰਦਰਲੀ ਸਾਂਝੇ ਹਿੱਤਾਂ ਦੀ ਸਾਂਝ ਵਾਲੀ ਭਾਵਨਾ ਖੁਰਨ ਲੱਗਦੀ ਹੈ ਅਤੇ ਮਰਦ ਦੇ ਨਿੱਜੀ ਹਿੱਤ ਭਾਰੂ ਹੋਣ ਲੱਗਦੇ ਹਨ। ਮਾਲਕ ਅਖਵਾਉਣ ਵਾਲੇ ਮਰਦ ਦੇ ਆਪਣੀ ਔਰਤ ਨਾਲ ਸੰਬੰਧ 'ਵਾਰਿਸ' ਪੈਦਾ ਕਰਨ ਤੱਕ ਹੀ ਸੀਮਿਤ ਸਨ। ਇਕ ਕੰਤੀ-ਵਿਆਹ ਪ੍ਰਥਾ ਹੋਣ ਦੇ ਬਾਵਜੂਦ ਇਹ ਮਰਦ ਬਹੁ-ਵਿਆਹ ਕਰਵਾ ਸਕਦਾ ਸੀ, ਵਿਆਹ ਬਾਹਰੇ ਸੰਬੰਧ ਸਿਰਜਦਾ ਸੀ ਅਤੇ ਵੇਸਵਾਗਮਨੀ ਵੀ ਕਰ ਸਕਦਾ ਸੀ, ਇਹ ਮਾਲਕ ਮਰਦ ਦੇ ਆਪਣੀ ਔਰਤ ਦੇ ਮੁਕਾਬਲੇ ਸਮਾਜ ਵਿੱਚ ਉੱਚ ਹੋਣ ਦਾ ਪ੍ਰਮਾਣ ਸਨ। ਸਮਾਜ ਵਿਚ ਮਾਲਕ ਮਰਦ ਅੰਦਰ ਨੀਵੇਂ ਵਰਗ ਨੂੰ ਲੁੱਟਣ ਦੀ ਸੋਚ ਕੰਮ ਕਰਦੀ ਸੀ ਅਤੇ ਗ਼ੁਲਾਮ ਮਰਦ ਨੇ ਆਰਥਿਕ ਹੀਣਤਾ ਕਰਕੇ ਬੇਵਸੀ ਅਤ ਮਜ਼ਬੂਰੀ ਨੂੰ ਆਪਣੇ ਕਰਮਾਂ ਤੱਕ ਸੀਮਿਤ ਕਰ ਲਿਆ। ਗ਼ੁਲਾਮ ਮਰਦ ਦੀ ਔਰਤ ਆਪਣੇ ਪਤੀ ਦੀ ਹਵਸ-ਪੂਰਤੀ ਕਰਦੀ ਅਤੇ ਨਾਲ ਹੀ ਹਾਕਮ ਮਰਦ ਦੀ ਗ਼ੁਲਾਮੀ ਵੀ ਕਰਦੀ। ਅਜਿਹੀ ਗ਼ੁਲਾਮੀ ਦਾ ਰੂਪ ਕਿਰਤ ਵੀ ਹੋ ਸਕਦਾ ਸੀ ਤੇ ਜਿਨਸੀ-ਸੰਬੰਧਾਂ ਦਾ ਰੂਪ ਵੀ। ਇਸ ਤਰ੍ਹਾਂ ਦੇ ਸਮਾਜ ਵਿੱਚ ਮਰਦ ਲਈ ਔਰਤ ਦੀਆਂ

ਇੱਛਾਵਾਂ ਜਾਂ ਭਾਵਨਾਵਾਂ ਦਾ ਕੋਈ ਅਰਥ ਨਹੀਂ ਸੀ। ਗ਼ੁਲਾਮ ਮਰਦ ਆਪਣੇ ਮਾਲਕ ਦਾ ਹਰ ਕੰਮ ਕਰਦਾ ਅਤੇ ਮਾਲਕ ਨੂੰ ਖ਼ੁਸ਼ ਰੱਖਣ ਦਾ ਹਰ ਹੀਲੇ ਯਤਨ ਕਰਦਾ। ਇੱਥੋਂ ਤੱਕ ਕਿ ਆਪਣੀ ਅਰਤ ਨਾਲ ਮਾਲਕ ਦੇ ਸੰਬੰਧ ਸਿਰਜੇ ਜਾਣ' ਤੇ ਵੀ ਕੋਈ ਰੋਸ ਨਹੀਂ ਸੀ ਕਰਦਾ। ਗ਼ੁਲਾਮਦਾਰੀ ਸਮਾਜ ਵਿਚ ਔਰਤ ਤੇ ਮਰਦ ਸੰਬੰਧਾਂ ਵਿਚ ਅਧੀਨਗੀ ਤੇ ਦਬਾਓ ਦਾ ਰਿਸ਼ਤਾ ਕੁਦਰਤੀ ਸੀ, ਔਰਤ ਅਤੇ ਗ਼ੁਲਾਮ ਦੋਨੋਂ ਹੀ ਸਮਾਜ ਵਿੱਚ ਆਪਣੇ ਤੋਂ ਉੱਚੇ ਸਮਝੇ ਜਾਂਦੇ ਰੂਪ, ਪਤੀ ਹੋਵੇ ਜਾਂ ਹਾਕਮ ਦੀ ਸੇਵਾ ਵਿਚ ਖ਼ੁਸ਼ੀ ਮਹਿਸੂਸ ਕਰਦੇ ਸਨ। ਅਜਿਹੀ ਸੋਚ ਪਿੱਛੇ ਧਰਮ ਦੀ ਟੇਕ ਆਦਿ ਕਾਰਨ ਕੰਮ ਕਰਦੇ ਸਨ। ਇਸ ਸਮੇਂ ਵਿੱਚ ਔਰਤ ਦਾ ਆਪਣਾ ਕੋਈ ਵਜੂਦ, ਆਪਣੀ ਕੋਈ ਸੁਤੰਤਰ ਸੋਚ ਨਹੀਂ ਸੀ।

ਜਾਗੀਰਦਾਰੀ ਸਮਾਜ ਦੇ ਇਤਿਹਾਸਿਕ ਪੜਾਅ 'ਤੇ ਪਹੁੰਚਦਿਆਂ ਧਰਮ ਦੇ ਨਾਲ-ਨਾਲ ਸਦਾਚਾਰਕ ਕੀਮਤਾਂ ਵੀ ਔਰਤ ਉੱਪਰ ਵਧੇਰੇ ਹਾਵੀ ਹੋਣ ਲੱਗੀਆਂ। ਮਰਦ ਪ੍ਰਧਾਨ ਸਮਾਜ ਹੋਣ ਕਰਕੇ ਅਤੇ ਆਰਥਿਕ ਸੱਤਾ ਮਰਦ ਦੇ ਹੱਥ ਵਿਚ ਹੋਣ ਕਰਕੇ ਧਰਮ ਅਤੇ ਨੈਤਿਕਤਾ ਦੇ ਨਿਯਮਾਂ ਦੀ ਕਠੋਰਤਾ ਔਰਤ ਉਪਰ ਹੀ ਸਖ਼ਤੀ ਨਾਲ ਲਾਗੂ ਹੁੰਦੀ ਸੀ, ਮਰਦ ਪ੍ਰਤੀ ਨੈਤਿਕਤਾ ਦੇ ਨਿਯਮ ਏਨੇ ਕਠੋਰ ਨਹੀਂ ਸਨ। ਜਾਗੀਰਦਾਰ ਮਰਦ ਦੇ ਵੀ ਆਪਣੀ ਔਰਤ ਨਾਲ ਸੰਬੰਧ ਮੋਹ ਦੀਆਂ ਭਾਵਨਾਵਾਂ ਤੋਂ ਸੱਖਣੇ ਹੁੰਦੇ ਸਨ। ਉਹ ਆਪਣੀ ਔਰਤ ਤੋਂ ਨਰ ਔਲਾਦ ਦੀ ਪ੍ਰਾਪਤੀ ਚਾਹੁੰਦਾ ਸੀ। ਉਸ ਦੀ ਔਰਤ ਹਾਰ-ਸ਼ਿੰਗਾਰ ਨਾਲ ਲੱਦੀ ਹੋਈ ਘਰ ਦੀ ਰਾਣੀ ਸੀ, ਪਰ ਉਹ ਸਵੈ-ਸੋਚ ਤੋਂ ਕੋਰੀ ਅਤੇ ਆਪਣੇ ਮਰਦ ਦੀ ਸੋਚ ਅਨੁਸਾਰ ਜ਼ਿੰਦਗੀ ਜਿਉਂਦੀ ਸੀ। ਮਰਦ ਦੇ ਹੱਥਾਂ ਦੀ ਕੱਠਪੁਤਲੀ ਹੋਣ ਕਰਕੇ ਔਰਤ ਦੀ ਮਨੋ-ਸੰਰਚਨਾ ਇਸ ਤਰ੍ਹਾਂ ਦੀ ਬਣ ਚੁੱਕੀ ਸੀ ਕਿ ਨਰ-ਔਲਾਦ ਨਾ ਪੈਦਾ ਹੋਣ 'ਤੇ ਉਹ ਆਪਣੇ ਪਤੀ ਦੇ ਹੋਰ ਵਿਆਹ ਕਰਨ ਵਿਚ ਸਹਾਇਕ ਰੋਲ ਅਦਾ ਕਰਦੀ ਸੀ। ਜਾਗੀਰਦਾਰ ਮਰਦ ਰਖੇਲ ਔਰਤਾਂ ਨਾਲ ਸੰਬੰਧ ਰੱਖਦਾ ਸੀ ਪਰ ਉਸਦੀ ਆਪਣੀ ਪਤਨੀ ਸਭ ਕੁੱਝ ਜਾਣਨ ਦੇ ਬਾਵਜੂਦ ਵਿਰੋਧ ਨਹੀਂ ਸੀ ਕਰਦੀ। ਔਰਤ ਭਾਵੇਂ ਜਾਗੀਰਦਾਰ ਦੀ ਸੀ, ਜਾਂ ਮੁਜ਼ਾਰੇ ਦੀ, ਉਹ ਮਰਦ ਲਈ ਜਾਇਦਾਦ ਹੀ ਸੀ, ਦੋਨਾਂ ਵਰਗਾਂ ਦੇ ਮਰਦ ਔਰਤ ਰੂਪੀ ਜਾਇਦਾਦ ਨੂੰ ਸਵੈ ਹਿਤ ਅਨੁਸਾਰ ਵਰਤਦੇ ਸਨ। ਮਰਦ ਲਈ ਔਰਤ ਬੇਜਾਨ ਵਸਤੂ ਹੀ ਸੀ। ਇਸ ਤਰ੍ਹਾਂ ਮਰਦ ਔਰਤ ਉਪਰ ਧਾਰਮਿਕ, ਆਰਥਿਕ, ਸਮਾਜਿਕ ਪੱਖਾਂ ਰਾਹੀਂ ਆਪਣਾ ਦਬਦਬਾ ਵਧਾਉਂਦਾ ਗਿਆ, ਔਰਤ ਨਿਗੂਣੀ ਬਣਦੀ ਗਈ।

'ਸਖ਼ਤ' ਕਵਿਤਾ ਵਿੱਚ ਜਸਵੰਤ ਦੀਦ ਔਰਤ ਦੇ ਬਚਪਨ ਤੋਂ ਲੈ ਕੇ ਮੌਤ ਤੱਕ ਦੇ ਸਫ਼ਰ ਨੂੰ ਬਿਆਨ ਕਰਦਿਆਂ ਉਸਦੀ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ 'ਤੇ ਮਰਦ ਪ੍ਰਧਾਨ ਸਮਾਜ ਵਿਚਲਾ ਮਰਦ ਕਿਸ ਤਰ੍ਹਾਂ ਕਦੇ ਬਾਪ, ਕਦੇ ਪਤੀ, ਕਦੇ ਪੁੱਤਰ ਦੇ ਰੂਪ ਵਿਚ ਕਿਸ ਤਰ੍ਹਾਂ ਉਸ ਉੱਤੇ ਹਾਵੀ ਰਹਿੰਦਾ ਹੈ ਦੀ ਤਸਵੀਰ ਪੇਸ਼ ਕਰਦਾ ਹੈ। ਔਰਤ ਉਨ੍ਹਾਂ ਦੇ ਅੱਤਿਆਚਾਰ,

ਸੋਸ਼ਣ ਨੂੰ ਸਹਿੰਦੀ ਹੋਈ ਹੌਲੀ ਹੌਲੀ ਸਖ਼ਤ ਭਾਵ ਜ਼ਿੰਦਗੀ ਦੀਆਂ ਇਨ੍ਹਾਂ ਪ੍ਰਸਥਿਤੀਆਂ ਨੂੰ ਮਨਫ਼ੀ ਹਾਲਾਤਾਂ ਵਿੱਚ ਹੰਢਾਉਂਦੀ ਹੋਈ ਸਰੀਰਕ ਤੌਰ ਉੱਤੇ ਮਜਬੂਤ ਅਤੇ ਮਾਨਸਿਕ ਤੌਰ ਉਤੇ ਸੰਵਦੇਨਹੀਣ ਹੋ ਜਾਂਦੀ ਹੈ:

ਸਖ਼ਤ ਹੋ ਜਾਂਦੀ ਹੈ ਔਰਤਸ, ਹੌਲੀ ਹੌਲੀ
ਬਾਪ ਦੀਆਂ ਅੱਖਾਂ ਦੀ ਵਹਿਸ਼ਤ
ਮਾਂ ਨਾਲ ਸਾਂਝੇ ਕੀਤੇ
ਪਹਿਲੀ ਮੁਹੱਬਤ ਦੇ ਰਾਜ
ਵਿਆਹ ਤੋਂ ਬਾਅਦ ਸਖ਼ਤ ਏਨੀ
ਕਿ ਮੁਹੱਬਤ ਦੀ ਕੱਚੀ ਸਲੇਟ ਤੇ ਮਾਰਦੀ ਪੱਥਰ
ਤੇ ਚੂੜੇ ਦੀਆਂ ਕੰਕਰਾਂ ਚੋਂ ਰਿਸਿਆ ਖ਼ੂਨ …
ਆਪਣੀਆਂ ਹੀ ਤੜਪਦੀਆਂ ਆਂਦਰਾ ਅੰਦਰ
ਹੋ ਜਾਂਦੀ ਹੈ ਸਖਤ ਜਾਨ
ਛੱਡ ਜਾਂਦੇ ਘਰ ਬੱਚੇ
ਪਤੀ ਦੀਆਂ ਅੱਖਾਂ ’ਚ ਦੇਖਦੀ
ਪੁਰਾਣਾ ਸ਼ੀਸ਼ਾ ਲਿਸ਼ਕੋਰ ਮਾਰਦਾ, ਸਖ਼ਤ ਹੋ ਜਾਂਦੀ
ਰਹਿ ਜਾਂਦੀ ਇਕੱਲੀ, ਯਾਦ ਕਰਦੀ
ਇੱਕ ਬੀਜ ਦਾ ਫੁੱਲ ’ਚ ਬਦਲ ਜਾਣਾ, ਖਿੜਨਾ
ਡਰ ਜਾਣਾ, ਹੰਢ ਜਾਣਾ, ਤੇ ਟੁੱਟਣ ਤੋਂ ਪਹਿਲਾਂ
ਯਾਦ ਕਰ ਲੈਣਾ, ਬੀਜ ਦਾ ਫੁੱਲ ਚ ਬਦਲ ਜਾਣਾ ਸਖ਼ਤ।[6]

ਇਸ ਤਰ੍ਹਾਂ, ਔਰਤ ਨੂੰ ਪਿਤਰਕੀ ਦਾ ਦਮਨਕਾਰੀ ਸੰਸਥਾ ਪਰਿਵਾਰ/ਘਰ ਵਿੱਚ ਵੱਖ-ਵੱਖ ਰਿਸ਼ਤਿਆਂ ਨਾਤਿਆਂ ਵਿੱਚ ਬੰਨ੍ਹ ਕੇ ਭੋਗਿਆ ਜਾਂਦਾ ਹੈ।

ਔਰਤ ਦੀਆਂ ਸਾਰੀਆਂ ਬਿਰਤੀਆਂ-ਸ਼ਕਤੀਆਂ ਇਕ ਹੀ ਮਰਦ ਉੱਤੇ ਕੇਂਦਰਿਤ ਅਤੇ ਸੀਮਿਤ ਹੋਣ ਕਾਰਨ ਉਸਦਾ ਸਰੀਰਕ ਤੌਰ ’ਤੇ ਮਾਨਸਿਕ ਤੌਰ ’ਤੇ ਸੁਤੰਤਰ ਹੋਣਾ ਅਸੰਭਵ ਹੋ ਜਾਂਦਾ ਹੈ। ਔਰਤ ਬਾਲ ਅਵਸਥਾ ਵਿਚ ਪਿਤਾ ਦੀ, ਜਵਾਨੀ ਵਿਚ ਪਤੀ ਦੀ ਅਤੇ ਬੁਢਾਪੇ ਵਿਚ ਪੁੱਤਰ ਦੀ ਦੇਖ-ਰੇਖ ਵਿਚ ਰਹਿ ਕੇ ਅਸਲ ਵਿਚ ਅਬਲਾ ਹੀ ਬਣ ਜਾਂਦੀ ਹੈ। ਮਰਦ ਪ੍ਰਧਾਨ ਸਮਾਜ ਅਤਿ ਸੂਖ਼ਮ ਢੰਗ ਨਾਲ ਨਾਰੀ ਦੇ ਹਉਂ ਨੂੰ ਚੋਟ ਮਾਰਦਾ ਹੈ। ਉਸ ਨਾਲ ਗ਼ੈਰ-ਮਾਨਵੀ ਵਿਹਾਰ ਕੀਤਾ ਜਾਂਦਾ ਹੈ ਤੇ ਉਸਨੂੰ ਇਹ ਸਭ ਸਹਿਣਾ ਪੈਂਦਾ ਹੈ। ਜਸਵੰਤ ਦੀਦ ਆਪਣੀ ਕਵਿਤਾ ਵਿਚ ਤਾਕਤਹੀਣ ਮਨੁੱਖ ਦੇ ਸਦੀਆਂ ਤੋਂ ਹੋ ਰਹੇ ਦਮਨ ਨੂੰ ਪੇਸ਼ ਕਰਦਾ ਹੈ। ਇਸ ਦਮਨ ਨੂੰ ਨਾਰੀ ਨੇ ਸਭ ਤੋਂ ਵੱਧ ਹੰਢਾਇਆ ਹੈ, ਜੋ ਇਸ ਦਮਨ ਨੂੰ ਹੰਢਾਉਂਦਿਆਂ-ਹੰਢਾਉਂਦਿਆਂ ਅਤੀਤ ਤੋਂ ਵਰਤਮਾਨ ਤੱਕ ਵਸਤੂ ਬਣ ਕੇ ਵਿਚਰਦੀ ਰਹੀ ਹੈ। ‘ਕੰਪਿਊਟਰ ’ਤੇ ਤਾਸ਼ ਖੇਡਦੀ ਔਰਤ’ ਕਵਿਤਾ ਵਿੱਚ ਦੀਦ ਔਰਤ ਦੇ ਇਸ ਇਤਿਹਾਸਿਕ ਦਮਨ ਦੀ ਤਸਵੀਰ ਪੇਸ਼ ਕਰਦਾ ਹੋਇਆ ਮਰਦ ਪ੍ਰਧਾਨ ਸਮਾਜ ਤੇ ਉਸ

ਵਿਚ ਜੀਵਨ ਬਸਰ ਕਰ ਰਹੀ ਸਵੇਦਨਸ਼ੀਲ ਔਰਤ ਦੀ ਦੁਖਾਂਤਕ ਤੇ ਤਣਾਓਗ੍ਰਸਤ ਸਥਿਤੀ ਨੂੰ ਉਸ ਦੀ ਚੁੱਪ ਰਾਹੀਂ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ :

ਚੁੱਪ ਹੈ, ਉਲਝੀ ਹੋਈ
ਸੋਚਦੀ ਪਿਛਾਂਹ ਝਾਕਦੀ ਹੈ ਕੰਪਿਊਟਰ 'ਤੇ
ਤਾਸ਼ ਖੇਡਦੀ ਔਰਤ
ਹਰ ਵਾਰ ਉਹ ਸਰਾਂ ਬਣਾਉਂਦੀ
ਪਰ ਆਖ਼ਰ ਹਾਰ ਜਾਂਦੀ
ਤੇ ਉਮਰ ਦੇ ਅਧਖੜ ਸਮੇਂ
ਜਿਹੜੀ ਉਸਨੇ ਸੀਪ ਲਾਈ ਸੀ
ਉਹ ਅਜੇ ਤੱਕ ਉਲਝੀ ਪਈ ਹੈ
ਤੇ ਪੱਤੇ ਲਗਭਗ ਖ਼ਤਮ ਨੇ
ਗੇਮ ਦੇ ਆਖ਼ਰੀ ਛਿਣਾਂ 'ਚ
ਸਕਰੀਨ ਦੇ ਇੱਕ ਕੋਨੇ ਤਿੰਨ ਬਾਦਸ਼ਾਹ ਨੇ
ਇੱਕ ਬਾਦੇ ਦੀ ਸ਼ਕਲ ਤਲਾਕ-ਸ਼ੁਦਾ ਸੱਪ ਨਾਲ ਮਿਲਦੀ ਹੈ।
ਇੱਕ ਦੀ ਜਾਬਰ ਹਾਕਮ ਨਾਲ
ਤੇ ਇੱਕ ਬਾਦਸ਼ਾਹ
ਉਸਦੀ ਛਾਤੀ 'ਚ ਕੁਝ ਲੱਭਦਾ ਫਿਰਦਾ ਹੈ
ਜਿਸਨੂੰ ਉਹ ਜਾਣਦੀ ਤਾਂ ਹੈ ਪਹਿਚਾਣਦੀ ਨਹੀਂ ...
ਇੱਕ ਬੇਗ਼ੀ ਦੀ ਸ਼ਕਲ
ਉਸਦੀ ਮਾਂ ਨਾਲ ਮਿਲਦੀ ਹੈ
ਇੱਕ ਦੀ ਉਸਦੀਆਂ ਧੀਆਂ ਨਾਲ
ਤੇ ਇੱਕ ਬੇਗ਼ੀ ਹੈ ਜੋ ਉਸਦੇ ਸੀਨੇ ਅੰਦਰ
ਵਰ੍ਹਿਆਂ ਤੋਂ ਕੈਦ ਤੜਪਦੀ ਛਟਪਟਾਉਂਦੀ ਬਾਹਰ ਵੱਲ ਭੱਜਦੀ ਹੈ।[7]

ਮਰਦ ਆਪਣੀ ਸ੍ਰੇਸ਼ਠਤਾ ਨੂੰ ਸਥਾਪਿਤ ਕਰਨ ਲਈ ਔਰਤ ਦੀ ਹੋਂਦ ਨੂੰ ਛਟਿਆਉਂਦਾ ਹੈ। ਮਰਦ ਇਹ ਸਮਝਦਾ ਹੈ ਕਿ ਨਾਰੀ ਬੌਧਿਕ ਤੌਰ 'ਤੇ ਨੀਵੀ ਹੈ, ਉਹ ਵਿਵੇਕਸ਼ੀਲ ਨਹੀਂ, ਸਗੋਂ ਜਜ਼ਬਾਤੀ, ਅਸੱਭਿਅ, ਵਧੇਰੇ ਸੰਵੇਦਨਸ਼ੀਲ ਕਾਮੁਕ ਅਤੇ ਵਿਲਾਸਮਈ ਹੈ। ਮਰਦ ਪ੍ਰਧਾਨ ਸਮਾਜ ਵੱਲੋਂ ਔਰਤ ਨਾਲ ਜੋੜੀਆਂ ਗਈਆਂ ਇਹ ਸਾਰੀਆਂ ਧਾਰਨਾਵਾਂ ਔਰਤ ਨੂੰ ਗੁਪਤ ਸਮਝੋਤੇ ਲਈ ਤਿਆਰ ਕਰਦੀਆਂ ਹਨ। ਮਿਸ਼ੇਲ ਫੂਕੋ ਨੇ ਵੀ ਆਪਣੀ ਇੱਕ ਇੰਟਰਵਿਊ ਵਿਚ ਕਿਹਾ ਹੈ ਕਿ,"ਨਰ ਅਤੇ ਮਾਦਾ ਵਿਚ ਕੁਦਰਤੀ ਫਰਕ ਤਾਂ ਹੈ ਹੀ ਪਰ ਇਸ ਫਰਕ ਬਾਰੇ ਜੋ ਕੁਝ ਕਿਹਾ ਜਾਂਦਾ ਹੈ, ਉਹਦੇ ਵਿਚ 40 ਫੀਸਦੀ ਤੋਂ ਵੱਧ ਸਮਾਜਿਕ ਰੂੜ੍ਹੀਗਤ ਧਾਰਨਾਵਾਂ ਹਨ। ਔਰਤਾਂ ਨੂੰ ਕਾਬੂ ਵਿੱਚ ਰੱਖਣ ਲਈ ਉਹਦਾ ਸੀਮਾ ਕਰਨ ਕਰਨ ਦੀ ਸਾਜਿਸ਼

ਹੈ।"[8] ਇਸਦੇ ਪ੍ਰਭਾਵ ਸਦਕਾ ਔਰਤ ਆਪਣੇ ਆਪ ਨੂੰ ਕਮਜ਼ੋਰ ਸਮਝਣ ਲੱਗ ਪੈਂਦੀ ਹੈ ਅਤੇ ਮਰਦ ਦੇ ਅਨੁਸਾਰ ਆਪਣਾ ਜੀਵਨ ਬਸਰ ਕਰਦੀ ਹੈ।

ਸਮਾਜ ਅੰਦਰਲੀ ਆਰਥਿਕ ਵਿਵਸਥਾ ਸਮਾਜਿਕ ਵਿਵਸਥਾ ਨੂੰ ਪ੍ਰਭਾਵਿਤ ਕਰਦੀ ਹੈ ਜਿਸ ਨਾਲ ਸਮਾਜ ਸਭਿਆਚਾਰ ਅੰਦਰ ਨਵੇਂ ਮਾਪਦੰਡ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਜਿਵੇਂ ਸਰਮਾਏਦਾਰੀ ਵਰਗ ਨਿੱਜੀ ਮੁਨਾਫੇ ਦੀ ਸੋਚ ਅਧੀਨ ਔਰਤ ਰਾਹੀਂ ਸਸਤੀ ਕਿਰਤ ਪ੍ਰਾਪਤ ਕਰਨ ਲੱਗਦਾ ਹੈ, ਜਿਸ ਸਦਕਾ ਔਰਤ ਨ ਕਮਾਈ ਲਈ ਘਰੋਂ ਬਾਹਰ ਜਾਣ ਦਾ ਮੌਕਾ ਮਿਲਿਆ। ਔਰਤ ਆਰਥਿਕ ਤੌਰ ਤੇ ਆਜ਼ਾਦ ਹੋਣ ਲੱਗੀ। ਨਤੀਜੇ ਵਜੋਂ ਔਰਤ ਅੰਦਰ ਵਿਅਕਤੀਗਤ ਸੁਤੰਤਰਤਾ ਦਾ ਖਿਆਲ ਪੈਦਾ ਹੋਣ ਲੱਗਿਆ। ਮਰਦ ਇਕ ਪਾਸੇ ਪੈਸਾ-ਮੁਖੀ ਸੋਚ ਦਾ ਧਾਰਨੀ ਹੋਣ ਕਰਕੇ ਔਰਤ ਨੂੰ ਕਮਾਈ ਲਈ ਬਾਹਰ ਭੇਜਣ ਲੱਗਾ। ਪਰ ਦੂਸਰੇ ਪਾਸੇ ਜਾਗੀਰੂ ਸੰਸਕਾਰਾਂ ਦੀ ਪਕੜ ਪੀਡੀ ਹੋਣ ਕਰਕੇ ਔਰਤ ਦੀ ਵਿਅਕਤੀਗਤ ਆਜ਼ਾਦੀ ਪ੍ਰਤੀ ਸਮਾਜਿਕ-ਸੱਭਿਆਚਾਰਕ ਬੰਦਸ਼ਾਂ ਨੂੰ ਲਾਗੂ ਕਰਦਾ ਰਿਹਾ ਜਿਸ ਸਦਕਾ ਔਰਤ ਮਰਦ ਸੰਬੰਧਾਂ ਅੰਦਰ ਤਨਾਓ ਪੈਦਾ ਹੋਣਾ ਸ਼ੁਰੂ ਹੋ ਗਿਆ। ਔਰਤ ਇਸ ਸਮੇਂ ਪਹਿਲਾਂ ਨਾਲੋਂ ਵੀ ਵੱਧ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ। ਔਰਤ ਦੀ ਇੱਛਾ ਅਤੇ ਆਪੇ ਨੂੰ, ਹਿੰਸਾ ਅਤੇ ਦਮਨ ਰਾਹੀਂ ਦਬਾਇਆ ਜਾਂਦਾ ਹੈ। ਇਸ ਤਰ੍ਹਾਂ ਮਰਦ ਪ੍ਰਧਾਨ ਸਮਾਜ ਜਾਗੀਰਦਾਰੀ ਤੋਂ ਪੂੰਜੀਵਾਦੀ ਵਿੱਚ ਪਰਿਵਰਤਿਤ ਤਾਂ ਹੁੰਦਾ ਹੈ, ਪਰ ਉਹ ਆਪਣੇ ਸੋਸ਼ਣਿਕ ਸੁਭਾਅ ਨੂੰ ਉਸੇ ਤਰ੍ਹਾਂ ਕਾਇਮ ਰੱਖਦਾ ਹੈ, ਸਿਰਫ਼ ਸੋਸ਼ਣਿਕ ਰੂਪ ਨੂੰ ਹੀ ਤਬਦੀਲ ਕਰਦਾ ਹੈ:

> ਉਸਨੂੰ ਕੀ ਪਤਾ ਸੀ ਕਿ ਇਸ ਭਰੀ ਭਰਕਮ ਧਰਤੀ ਹੇਠਾਂ
> ਇੱਕ ਬੌਲਦ ਵੀ ਖਲੋਤਾ ਹੈ
> ਤੇ ਕਿਸ ਡਰੋ ਉਹ ਪਾਸਾ ਨਹੀਂ ਬਦਲਦਾ ?
> ਮਾਂ ਤਾਂ ਸਿਰਫ਼ ਏਨਾ ਜਾਣਦੀ ਹੈ
> ਕਿ ਬਾਪ ਤਾਂ ਸੱਪ ਹੈ
> ਦੰਦਾਂ ਵਿੱਚ ਜ਼ਹਿਰ ਲੈ ਕੇ ਘੁੰਮਦਾ ਹੈ।[9]

ਸਮੇਂ ਦੇ ਨਾਲ ਭਾਵੇਂ ਔਰਤ ਤੇ ਮਰਦ ਦੇ ਸੰਬੰਧਾਂ ਵਿਚ ਬਾਹਰੀ ਤੌਰ 'ਤੇ ਤਬਦੀਲੀ ਜ਼ਰੂਰ ਨਜ਼ਰ ਆਉਂਦੀ ਹੈ, ਪਰ ਮਰਦ ਅੰਦਰ ਔਰਤ ਪ੍ਰਤੀ ਸੋਚ ਪਹਿਲੇ ਦੀ ਤਰ੍ਹਾਂ ਹੀ ਕਾਇਮ ਹੈ। ਮਰਦ ਭਾਵੇਂ ਕਿੰਨਾ ਵੀ ਆਧੁਨਿਕ ਹੋਵੇ ਪਰ ਉਸ ਅੰਦਰ ਪੁਰਾਤਨ ਜਾਗੀਰੂ ਸੋਚ ਨਹੀਂ ਨਿਕਲਦੀ ਕਿਉਂਕਿ ਇਹ ਜਾਗੀਰੂ ਸੋਚ ਉਸਦੇ ਸਮੂਹਿਕ ਅਵਚੇਤਨ ਵਿਚ ਘਰ ਕਰ ਗਈ ਹੈ, ਜਿਸ ਕਾਰਣ ਔਰਤ ਮਰਦ ਸੰਬੰਧਾਂ ਅੰਦਰ ਤਣਾਓ ਵੀ ਪੈਦਾ ਹੁੰਦਾ ਹੈ। ਪਤੀ ਆਪਣੀ ਪਤਨੀ ਨੂੰ ਆਪਣੇ ਵਿਆਹ ਤੋਂ ਪਹਿਲਾਂ ਦੀਆਂ ਮੁਹੱਬਤਾਂ ਦਾ ਜ਼ਿਕਰ ਤਾਂ ਕਰ ਸਕਦਾ ਹੈ ਪਰ ਜਦੋਂ ਆਧੁਨਿਕ ਸੋਚ ਦਾ ਹਾਣੀ ਬਣ ਕੇ ਜਿਗਰਾ ਕਰਕੇ ਉਸ

ਤੋਂ ਪੁੱਛਦਾ ਹੈ ਤਾਂ ਡਰਦਾ ਹੋਇਆ ਪਤਨੀ ਦੇ ਮੂੰਹ ’ਤੇ ਹੱਥ ਰੱਖ ਦਿੰਦਾ ਹੈ ਕਿਉਂਕਿ ਉਸ ਨੂੰ ਡਰ ਹੁੰਦਾ ਹੈ ਕਿ ਉਸਦੇ ਅੰਦਰਲਾ ਮਰਦ ਉਸ ਨੂੰ ਕਦੇ ਵੀ ਸਵੀਕਾਰ ਨਹੀਂ ਕਰੇਗਾ :

> ਲੈ ਹੁਣ ਤੂੰ ਵੀ ਸੁਣਾ ਕੋਈ ਬੀਤੀ ਕਹਾਣੀ ਦਰਦ ਕੋਈ ...
>
> ਕੋਈ ਤਾਂ ਹੋਣਾ ਜ਼ਰੂਰ ...
> ਲੰਬੀ ਚੁੱਪ ਤੇ ਮੁਸਕਰਾਹਟ ਤੋਂ ਬਾਅਦ ਉਸਦੇ ਹੋਂਠ ਫਰਕੇ ਹੀ ਸਨ
> ਕਿ ਮੈਂ ਫਰਕਦੇ ਸ਼ਬਦਾਂ ’ਤੇ ਰੱਖ ਦਿੱਤਾ ਸਖ਼ਤ ਹੱਥ ਆਪਣਾ
> ਤ ਬੱਤੀ ਬੁਝਾ ਦਿੱਤੀ ...
> ਉਹ ਮੈਨੂੰ ‘ਮਾੜਾ ਖਾਨਦਾਨ’ ਕਹਿ ਕੇ ਦੁਤਕਾਰਦੀ ਹੈ
> ਮੇਰਾ ਇੱਕ ਹੱਥ ਪੱਥਰ ਵਾਂਗ ਉਠਦਾ ਹੈ
> ਤਲਵਾਰ ਵਾਂਗ ਲਹਿਰਦਾ ਹੈ ਹਨੇਰੇ ਵਿਚ।[10]

ਔਰਤ ਨੂੰ ਮਰਦ ਤੋਂ ਡਰ ਨਹੀਂ ਲੱਗਦਾ ਪਰ ਉਹ ਹਮੇਸ਼ਾ ਮਰਦ ਦੇ ਅੰਦਰਲੇ ਮਰਦ ਕੋਲੋਂ (ਭਾਵ ਪਰੰਪਰਕ ਮਰਦ ਕੋਲੋਂ) ਡਰਦੀ ਹੈ ਜੋ ਔਰਤ ਦੇ ਵਜੂਦ ਨੂੰ ‘ਕਾਮ ਦੀ ਗੁੱਡੀ’ ਤੱਕ ਹੀ ਘਟਾ ਕੇ ਦੇਖਦਾ ਹੈ। ਇਹ ਮਰਦ ਸਰੀਰਕ ਲੋੜਾਂ ਦੀ ਤ੍ਰਿਪਤੀ ਕਰਨ ਸਮੇਂ/ਕਾਮੁਕ ਸੰਬੰਧ ਬਣਾਉਣ ਵੇਲੇ ਔਰਤ ਦੀ ਸਹਿਮਤੀ ਤੇ ਉਸ ਦੀਆਂ ਭਾਵਨਾਵਾਂ ਨੂੰ ਤਵੱਜੋ ਨਾ ਦੇ ਕੇ ਸਿਰਫ਼ ਆਪਣੀ ਹਵਸ ਦੀ ਪੂਰਤੀ ਕਰਨਾ ਲੋਚਦਾ ਹੈ। ਨਾ ਚਾਹੁੰਦੇ ਹੋਏ ਵੀ ਔਰਤ ਮਰਦ ਦੀ ਸਰੀਰਕ ਤ੍ਰਿਪਤੀ ਲਈ ਆਪਣੀ ਦੇਹ ਦਾ ਆਤਮ ਸਮਰਪਣ ਕਰ ਦਿੰਦੀ ਹੈ। ਪਿਤਰਕੀ/ਮਰਦ ਪ੍ਰਧਾਨ ਸਮਾਜ ਵਲੋਂ ਸਿਰਜੇ ਗਏ ਮਾਪਦੰਡਾਂ ਦੀ ਅਧੀਨ ਔਰਤ ਵਿਆਹ ਤੋਂ ਮਗਰੋਂ ਪਤੀ ਦੀ ਅਧੀਨਗੀ ਦਾ ਸ਼ਿਕਾਰ ਹੁੰਦੀ ਹੋਈ ਆਪਦੀ ਹੋਣੀ ਦੇ ਸੰਤਾਪ ਨੂੰ ਭੋਗਦੀ ਹੈ। ਆਪਣੀ ਜਗੀਰੂ ਸੋਚ ਕਾਰਣ ਮਰਦ ਔਰਤ ਉਪਰ ਆਪਣੀ ਅਧੀਨਗੀ ਬਣਾਈ ਰੱਖਣਾ ਚਾਹੁੰਦਾ ਹੈ ਅਜਿਹੀ ਸਥਿਤੀ ਔਰਤ ਦੇ ਮਨ ਨ ਹੋਰ ਵੀ ਝੰਜੋੜਦੀ ਹੈ ਤੇ ਮਾਨਸਿਕ ਤਣਾਓ ਦੀ ਸ਼ਿਕਾਰ ਬਣਾਉਂਦੀ ਹੈ ਜਿਸ ਤੋਂ ਤੰਗ ਆ ਕੇ ਆਧੁਨਿਕ ਔਰਤ ਆਪਣੀ ਆਵਾਜ਼ ਬੁਲੰਦ ਕਰਦੀ ਹੋਈ ਵਿਦਰੋਹੀ ਆਵਾਜ਼ ਵਿਚ ਕਹਿੰਦੀ ਹੈ:

> ‘ਸ਼ੁਰੂ ਤੋਂ ਨਫ਼ਰਤ ਹੈ ਮੈਨੂੰ ਤੇਰੇ ਅੰਦਰ ਲੁਕੇ ਬੈਠੇ ਉਸ ਮਰਦ ਤੋਂ
>
> ਜੋ ਮੁਸਕਰਾਉਂਦਾ ਹੈ ਤੇ ਖ਼ੂੰਖਾਰ ਜਾਨਵਰ ਵਾਂਗ ਜਕੜ ਲੈਂਦਾ ਹੈ
> ਇਹ ਖ਼ੂੰਖਾਰ ਜਾਨਵਰ
> ਮੈਂ ਪਹਿਲੀ ਵਾਰ ਆਪਣੇ ਬਾਪ ਦੀਆਂ ਨਜ਼ਰਾਂ ’ਚ ਤੱਕਿਆ ਸੀ
> ਤੇ ਡਰ ਕੇ ਤੇਰੀ ਛਾਤੀ ਨਾਲ ਆ ਲੱਗੀ
> ਸਾਹ ਆਇਆ ਈ ਸੀ
> ਕਿ ਤੇਰੀਆਂ ਅੱਖਾਂ ਅੰਦਰ
> ਮੇਰਾ ਤਾਨਾਸ਼ਾਹ ਬਾਪ ਸੈਰ ਕਰਦਾ ਤੱਕਿਆ ਮੈਂ ....
> ਤੇ ਮੈਂ ਪੂਰੇ ਜ਼ੋਰ ਨਾਲ

ਤੇਰੀ ਚੁੰਗਲ ਚੋਂ ਛੁੱਟ ਕੇ ਏਸ ਮੁਲਕ ਆਈ
ਏਥੇ ਉਸੇ ਹੀ ਕਿਸਮ ਦਾ ਇੱਕ ਹੋਰ ਜਾਨਵਰ ਕਲਗੀ ਸਜਾ ਕੇ
ਮੇਰੇ ਨਾਲ ਆ ਸੁੱਤਾ...
ਤੇ ਤੂੰ ਫੇਰ ਆ ਗਿਆ ਹੈ
ਇੱਕ ਨਵੀਂ ਤਰਕੀਬ ਨਾਲ
ਉਸੇ ਜਾਨਵਰ ਸਮੇਤ
ਮੇਰੇ ਜੁਆਨ ਬੱਚਿਆਂ ਦੀਆਂ ਅੱਖਾਂ ਅੰਦਰ ਦਹਿਕਦਾ ਹੋਇਆ...'[11]

ਮਰਦ ਪ੍ਰਧਾਨ ਸਮਾਜ ਦੇ ਔਰਤ ਨਾਲ ਕੀਤੇ ਜਾਂਦੇ ਭੇਦਭਾਵ ਨੂੰ ਭਾਰਤ ਵਿੱਚ ਕੁੱਝ ਲੇਖਿਕਾਵਾਂ ਨੇ ਬੜੀ ਦਲੇਰੀ ਨਾਲ ਉਭਾਰਿਆ ਤੇ ਉਨ੍ਹਾਂ ਸਾਰੀਆਂ ਪਰੰਪਰਾਵਾਂ ਤੇ ਸੰਸਥਾਵਾਂ ਦਾ ਜ਼ੋਰਦਾਰ ਵਿਰੋਧ ਕੀਤਾ ਹੈ, ਜੋ ਔਰਤ ਹੋਂਦ ਨੂੰ ਲਿੰਗਕ ਭੇਦਭਾਵ (ਭਕਅਦਕਗ ਦਜਤਫਗਜਠਜਅ.ਵਜਰਅ) ਜਾਂ ਦੂਜੇ ਦਰਜੇ ਦੇ ਲਿੰਗ (ਤਕਫਰਅਦ ਤਕਘ) ਦੀ ਸਥਿਤੀ ਤੱਕ ਘਟਾ ਦਿੰਦੀਆਂ ਹਨ। ਜਿਵੇਂ ਤਾਰਾਬਾਈ ਸ਼ਿੰਦੇ ਆਪਣੇ ਲੇਖ 'ਇਸਤਰੀ ਪੁਰਸ਼ ਤੁਲਨਾ' ਵਿੱਚ ਪਿਤਰੀ ਸਮਾਜ ਦਾ ਤਰਕ ਸਾਹਿਤ ਵਿਰਧ ਕਰਦੀ ਹੋਈ, ਉਸ ਦੇ ਅੱਗੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। ਪੰਡਿਤ ਰਮਾਬਾਈ ਵੀ ਆਪਣੀ ਪੁਸਤਕ 'ਹਾਈਕਾਸਟ ਹਿੰਦੂ ਵਿਮੈਨ' ਵਿਚ ਇਸਦਾ ਵਿਰੋਧ ਕਰਦੀ ਹੋਈ ਔਰਤ ਦੀ ਦਸ਼ਾ ਬਾਰੇ ਲਿਖਦੀ ਹੈ, ਸਾਡੀ ਪਿਤਰ ਸਮਾਜ ਦਾ ਜ਼ੋਰ ਇਕ ਔਰਤ ਨੂੰ ਗੁਲਾਮ ਅਤੇ ਅਧੀਨ ਬਣਾਉਣ 'ਤੇ ਹੈ ਜਿਵੇਂ ਕਿ ਉਹ ਕੋਈ ਜੰਗਲੀ ਜਾਨਵਰ ਹੈ, ਇਸਨੂੰ ਕਾਬੂ ਕਰਨ ਲਈ, ਪਾਲਤੂ ਬਣਾਉਣ ਲਈ ਜ਼ਰੂਰੀ ਸਮਝਿਆ ਜਾਂਦਾ ਹੈ ਕਿ ਉਸਨੂੰ ਤੋੜਿਆ ਜਾਵੇ ਉਸ ਤੇ ਬੰਧਨ ਲਾਏ ਜਾਣ, ਉਸ ਤੇ ਜ਼ੁਲਮ ਕੀਤੇ ਜਾਣ। ਭਾਵੇਂ ਭਾਰਤ ਦੇ ਸੰਵਿਧਾਨ ਦੇ ਅਨੁਸਾਰ ਔਰਤ ਤੇ ਮਰਦ ਦੇ ਬਰਾਬਰ ਹੱਕ ਹਨ ਪਰ ਇਨ੍ਹਾਂ ਬਰਾਬਰੀ ਦੇ ਹੱਕਾਂ ਦੇ ਬਾਵਜੂਦ ਸਮਾਜਿਕਤਾ, ਨੈਤਿਕਤਾ ਅਤੇ ਲੋਕ ਵਿਹਾਰ ਇਸ ਦੇ ਰਾਹ ਵਿਚ ਰੁਕਾਵਟ ਬਣਦੇ ਹਨ ਜਿਸ ਕਾਰਣ ਬਹੁ-ਗਿਣਤੀ ਔਰਤਾਂ ਦੀ ਸਥਿਤੀ ਪ੍ਰਾਚੀਨ ਸਮਾਜਾਂ ਦੀ ਤਰ੍ਹਾਂ ਹੀ ਹੈ, ਬਹੁ-ਘੱਟ ਗਿਣਤੀ ਦੀਆਂ ਔਰਤਾਂ ਹਨ ਜਿਨ੍ਹਾਂ ਵਿੱਚ ਆਪਣੇ ਸਵੈ-ਪ੍ਰਤੀ ਚੇਤੰਨਤਾ ਹੈ।

ਸਾਡੇ ਮੱਧਕਾਲੀ ਸਾਹਿਤ ਵਿੱਚ ਵੀ ਔਰਤ ਦਾ ਮਰਦ ਦੇ ਮੁਕਾਬਲੇ ਘਟੀਆਂ, ਨੀਵੀਂ ਹੋਣ ਦਾ ਬਿੰਬ ਉਭਰਦਾ ਹੈ। ਔਰਤ ਨੂੰ ਮਰਦ ਨਾਲਂ ਘਟੀਆਂ ਤੇ ਨੀਵਾਂ ਸਮਝਣ ਦੇ ਨਾਲ-ਨਾਲ, ਔਰਤ ਨੂੰ ਮਰਦ ਦੇ ਅਧਿਆਤਮਿਕਤਾ ਦੇ ਰਾਹ ਦਾ ਰੋੜਾ ਵੀ ਸਮਝਿਆ ਜਾਂਦਾ ਸੀ। ਔਰਤ ਦੇ ਵਿਗਾੜੇ ਗਏ ਅਕਸ (ਜਠ.ਪਕ) ਕਾਰਣ ਹੀ ਉਸ ਲਈ ਕਾਮਨੀ, ਭੰਡ, ਬਾਘਨੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਜਿਸ ਤਰ੍ਹਾਂ ਮੱਧਕਾਲੀ ਮਨੁੱਖ ਔਰਤ ਨੂੰ ਅਧਿਆਤਮਿਕਤਾ ਦੇ ਰਾਹ ਵਿਚ ਰੁਕਾਵਟ ਸਮਝਦਾ ਸੀ, ਉਸੇ ਤਰ੍ਹਾਂ ਅਜੋਕਾ ਮਨੁੱਖ ਵੀ ਆਪਣੀ ਪਤਨੀ ਨੂੰ ਆਪਣੀ ਸਿਰਜਣਕਾਰੀ ਦੇ ਰਾਹ ਵਿਚ ਰੁਕਾਵਟ ਵਜੋਂ ਦੇਖਦਾ ਹੈ। ਇਹ ਵੀ ਅਸਲ ਵਿਚ ਮਰਦ ਦੀ ਪੈੱਤਰਿਕ ਮਾਨਸਿਕਤਾ ਦਾ ਹੀ ਸਿੱਟਾ ਹੈ। ਮਰਦ ਔਰਤ ਨੂੰ ਘਰ, ਪਰਿਵਾਰ

ਵਰਗੀਆਂ ਸੰਸਥਾਵਾਂ ਰਾਹੀਂ ਅਧੀਨ ਕਰਕੇ ਆਪ ਇਨ੍ਹਾਂ ਸੰਸਥਾਵਾਂ ਤੋਂ ਮੁਕਤ ਹੋਣਾ ਲੋਚਦਾ ਹੈ। ਦੀਦ ਦੀ ਕਵਿਤਾ 'ਹਾਹਾਕਾਰ' ਵਿਚਲਾ ਮਰਦ ਆਪਣੀ ਪਤਨੀ ਨੂੰ ਆਪਣੀ ਸਿਰਜਣਾਤਮਕ ਦੇ ਵਿਰੁੱਧ ਖੜ੍ਹੀ ਦੇਖਦਾ ਹੈ:

ਹਾਹਾਕਾਰ ਮਚ ਗਈ ਹੈ
ਕਾਗਜ਼ ਹੈ ਖ਼ਿਆਲ ਹੈ
ਤੇ ਸਾਰੇ ਘਰ ਵਿੱਚ ਪੈੱਨ ਨਹੀਂ
'ਪੈਨ !'
ਇੱਕ ਸ਼ਬਦ ਹਿਲਾ ਦਿੰਦਾ ਹੈ ਸਾਰਾ ਘਰ
ਬਦਨ ਦਾ ਪੱਥਰ ਹੋਰ ਭਾਰਾ ਕਰਦੀ
ਮਹਿੰਦੀ ਲੱਗੇ ਵਾਲਾਂ ਵਾਲੀ ਆਖਦੀ ਹੈ...
ਕੀ ਰੌਲੀ ਪਾਈ ਹੈ..ਪੈੱਨ ! ਪੈੱਨ ! ਪੈੱਨ !
ਸਵੇਰੇ ਅੱਖ ਖੁੱਲ੍ਹਦਿਆਂ ਹੀ
ਰਾਮ ਨਹੀਂ ਨਾਮ ਨਹੀਂ
ਪੈੱਨ ! ਪੈੱਨ! ਪੈੱਨ !
ਸਿਰ ਤੇ ਚੱਕ ਲੈਦਾ ਇਹ ਬੰਦਾ ਘਰ !
ਜਿਵੇਂ ਪੈੱਨ ਤੇ ਚੱਕਣੀ ਹੋਵੇ ਦੁਨੀਆਂ [12]

ਜਸਵੰਤ ਦੀਦ ਆਪਣੀ ਕਵਿਤਾ ਵਿੱਚ ਮਰਦ ਪ੍ਰਧਾਨ ਸਮਾਜ ਵਿਚਲੇ ਮਰਦ ਦੇ ਪੈੱਤਰਿਕ ਅਵਚੇਤਨ ਨੂੰ ਵੱਖ-ਵੱਖ ਰੂਪਾਂ ਵਿਚ ਪੇਸ਼ ਕਰਦਾ ਹੈ। ਉਹ ਖੁਦ ਵੀ ਆਪਣੇ ਆਪ ਨੂੰ ਇਸ ਪੈੱਤਰਿਕ ਮਾਨਸਿਕਤਾ ਦਾ ਸ਼ਿਕਾਰ ਮੰਨਦਾ ਹੋਇਆ ਆਪਣੀ ਇੱਕ ਇੰਟਰਵਿਊ ਦੌਰਾਨ ਕਹਿੰਦਾ ਹੈ ਕਿ,"ਮੇਰੇ ਅੰਦਰ ਬੈਠਾ ਪਰੰਪਰਾਵਾਦੀ ਮਰਦ ਐਡੀ ਛੇਤੀ ਤਾਂ ਨਹੀਂ ਮਰ ਸਕਦਾ, ਉਹ ਤਾਂ ਹੌਲੀ ਹੌਲੀ ਬਦਲੇਗਾ ਨਾ।" [13] ਅਸਲ ਵਿੱਚ ਮਨੁੱਖ ਦੇ ਵਿਚਾਰ ਅਤੇ ਕਦਰਾਂ ਕੀਮਤਾਂ ਨਿਰੋਲ ਵਿਅਕਤੀਗਤ ਮਾਨਸਿਕਤਾ ਨੂੰ ਹੀ ਜ਼ਾਹਿਰ ਨਹੀਂ ਕਰਦੇ। ਇਨ੍ਹਾਂ ਵਿਚ ਸਮਾਜਿਕ-ਜਮਾਤ ਪ੍ਰਤੀ ਅਵਚੇਤਨ ਵਿੱਚ ਪਿਆ ਸੰਕਲਪ, ਪਿਤਰਕੀ ਸੋਚ ਅਤੇ ਸੋਸ਼ਣ ਆਦਿ ਵੀ ਸ਼ਾਮਿਲ ਹੁੰਦਾ ਹੈ।

ਇਸ ਤਰ੍ਹਾਂ, ਔਰਤਾਂ ਦੀ ਸਥਿਤੀ ਨੂੰ ਵੱਖ-ਵੱਖ ਇਤਿਹਾਸਿਕ ਪੜਾਵਾਂ ਦੌਰਾਨ ਵਿਚਾਰਨ ਤੇ ਪਤਾ ਲੱਗਦਾ ਹੈ ਕਿ ਔਰਤਾਂ ਦੀ ਅਧੀਨਤਾ ਦਾ ਕਾਰਨ ਉਨ੍ਹਾਂ ਦੇ ਆਪਣੇ ਵਿਅਕਤੀਗਤ ਗੁਣ/ਔਗੁਣ ਨਹੀਂ ਹਨ, ਸਗੋਂ ਇਹ ਵੱਖ-ਵੱਖ ਇਤਿਹਾਸਿਕ ਕਾਲਕ੍ਰਮ ਵਿੱਚ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਮਰਦ ਕਾਮਨਾ ਦੇ ਪੈੱਤਰਿਕ ਅਵਚੇਤਨ ਦਾ ਸਿੱਟਾ ਹੈ। ਮਰਦ ਪ੍ਰਧਾਨ ਸਮਾਜ ਵਿੱਚ ਇੱਕ ਪਾਸੇ ਔਰਤਾਂ ਦੀ ਕਿਰਤ ਦਾ ਸੋਸ਼ਣ ਹੁੰਦਾ ਹੈ। ਔਰਤਾਂ ਘਰ ਵਿੱਚ ਦਿਨ-ਰਾਤ ਬਿਨਾਂ ਕਿਸੇ ਇਵਜ਼ਾਨੇ ਦੇ ਕਿਰਤ ਕਰਦੀਆਂ ਹਨ। ਦੂਜੇ ਪਾਸੇ, ਔਰਤਾਂ ਨੂੰ ਕੇਵਲ ਆਰਥਿਕ ਸੰਘਰਸ਼ ਹੀ ਨਹੀਂ, ਔਰਤ-ਮਰਦ ਵਿਚਲਾ ਯੌਨ ਸੰਘਰਸ਼ ਅਤੇ ਯੌਨ ਉਤਪੀੜਨਾ ਦੀ ਮਾਰ ਵੀ ਝੱਲਣੀ ਪੈਂਦੀ ਹੈ। ਹੌਲੀ-ਹੌਲੀ ਔਰਤਾਂ ਵੀ ਸਮੇਂ ਦੇ ਨਾਲ-ਨਾਲ

ਆਪਣੀ ਹੋਂਦ ਪ੍ਰਤੀ ਚੇਤੰਨ ਹੋ ਰਹੀਆਂ ਹਨ। ਜਿਸ ਪ੍ਰਭਾਵ ਸਦਕਾ ਪਿੱਤਰ ਸੱਤਾ ਹੌਲੀ ਹੌਲੀ ਘੱਟ ਰਹੀ ਹੈ ਕਿਉਂਕਿ ਔਰਤ ਤੇ ਮਰਦ ਅੰਦਰਲੀਆਂ ਸਥਾਈ ਕੀਮਤਾਂ ਧੁੰਦਲੀਆਂ ਪੈਣ ਲੱਗੀਆਂ ਹਨ। ਔਰਤ ਮਰਦ ਦੇ ਸੰਬੰਧ ਜਾਗੀਰਦਾਰੀ ਸਮਾਜ ਦੀ ਤਰ੍ਹਾਂ ਦੱਬ-ਘੁੱਟ ਕੇ ਨਹੀਂ ਹੰਢਾਏ ਜਾਂਦੇ ਬਲਕਿ ਔਰਤ ਤੇ ਮਰਦ ਦੇ ਅਲੱਗ-ਅਲੱਗ ਖੇਤਰਾਂ ਵਿਚ ਇਕੱਠੇ ਵਿਚਰਨ ਸਦਕਾ, ਔਰਤ ਅੰਦਰ ਘਟੀਆਂ ਹੋਣ ਦਾ ਅਹਿਸਾਸ ਘਟਿਆ ਹੈ ਤੇ ਉਹ ਆਪਣੀਆਂ ਸੰਭਾਵਨਾਵਾਂ ਪ੍ਰਤੀ ਚੇਤੰਨ ਹੋਈ ਹੈ। ਪਰ ਫਿਰ ਵੀ ਕਿਤੇ ਨਾ ਕਿਤੇ ਮਰਦ ਪ੍ਰਧਾਨ ਸਮਾਜ ਔਰਤ ਨੂੰ ਦਬਾਉਣ ਲਈ ਉਸੇ ਤਰ੍ਹਾਂ ਹੱਥਕੰਡੇ ਅਪਣਾਉਂਦਾ ਹੈ ਜਿਵੇ. ਇੱਕ ਕਾਬਿਜ਼ ਦੇਸ਼ ਆਪਣੇ ਗ਼ੁਲਾਮ ਦੇਸ਼ ਨੂੰ ਗ਼ੁਲਾਮ ਰੱਖਣ ਲਈ। ਜਿਸ ਕਾਰਨ ਸਮਾਜ ਵਿਚਲੀਆਂ ਬਹੁ-ਗਿਣਤੀ ਔਰਤਾਂ ਅਜੋਕੇ ਸਮਾਜ ਵਿਚ ਰਹਿੰਦਿਆਂ ਹੋਇਆ ਵੀ ਆਪਣੇ ਪਰੰਪਰਕ ਰੋਲ ਨੂੰ ਹੀ ਨਿਭਾ ਰਹੀਆਂ ਹਨ।

## ਹਵਾਲੇ ਅਤੇ ਟਿੱਪਣੀਆਂ

1. Sylvia Walby, *Theorising Patriarchy*, Basil Blackwell, Cambrigdge, 1990, p. 20.
2. Simeon De Beauvoir, *The Second Sex*, (tr. H.M. Parshley), Vintage Books, New York, 1952, p. 731
3. "It is among the Psycho-analysis in Particulars that man is defined as a human being and women as a female, whenever she behaves as a human being she is said to intimate the male": Ibid, p. 51.
4. "In our attempts to discover woman we shall not reject certain contribution of biology of Psycho-analysis and of historical materialism, but we shall held that the body, the sexual life and the resources of teachnology exist concretely for man only in so far as the grasps then in the total perspective of his existence.": Ibid, p. 60.
5. ਫਰੈਡ੍ਰਿਕ ਏਂਗਲਜ, *ਟੱਬਰ, ਨਿੱਜੀ-ਜਾਇਦਾਦ ਤੇ ਰਾਜ ਦਾ ਮੁੱਢ*, ਪੰਜਾਬ ਬੁਕ ਸੈਂਟਰ, ਚੰਡੀਗੜ੍ਹ, 2010, ਪੰਨਾ 80.
6. ਜਸਵੰਤ ਦੀਦ, *ਘੁੰਡੀ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003, ਪੰਨਾ 59.
7. ਉਹੀ, ਪੰਨਾ 55.
8. ਮਿਸ਼ੇਲ ਫੂਕੋ *ਹੁਣ* (ਮੈਗਜ਼ੀਨ), ਜਨਵਰੀ-ਅਪ੍ਰੈਲ, 2005.
9. ਜਸਵੰਤ ਦੀਦ, *ਘੁੰਡੀ*, ਪੰਨਾ 67.
10. ਉਹੀ, ਪੰਨਾ 64-65.
11. ਉਹੀ, ਪੰਨਾ 110.
12. ਜਸਵੰਤ ਦੀਦ, *ਕਮੰਡਲ*, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2009, ਪੰਨਾ 37.
13. ਯੋਗਰਾਜ, *ਜਸਵੰਤ ਦੀਦ ਨੂੰ ਪੜ੍ਹਦਿਆਂ*, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2015, ਪੰਨਾ 108.

# ਸਿੱਖ ਪਰੰਪਰਾ ਵਿੱਚ ਨਾਰੀ

**Dr. Prabhjot Kaur***

ਸਿੱਖ ਧਰਮ ਨੇ ਭਾਰਤ ਦੇ ਉਤਰ ਪੱਛਮੀ ਖੇਤਰ ਵਿੱਚ ਸਥਿੱਤ ਪੰਜਾਬ ਪ੍ਰਾਂਤ ਵਿੱਚ ਪੰਦਰਵੀਂ ਸਦੀ ਦੇ ਦੂਜੇ ਅੱਧ ਵਿੱਚ ਜਨਮ ਲਿਆ । ਇਸ ਧਰਮ ਦੇ ਸੰਸਥਾਪਕ ਗੁਰੂ ਨਾਨਕ ਸਾਹਿਬ ਬਚਪਨ ਤੋਂ ਹੀ ਸਹਿਜ ਅਤੇ ਡੂੰਘੀ ਬਿਰਤੀ ਦੇ ਮਾਲਕ ਸਨ । ਉਹਨਾਂ ਦੀ ਇਸ ਬਿਰਤੀ ਨੂੰ ਦਰਸਾਉਂਦੀਆਂ ਅਨੇਕਾਂ ਹੀ ਛੋਟੀਆਂ ਛੋਟੀਆਂ ਕਹਾਣੀਆਂ ਸਾਖੀਆਂ ਦੇ ਰੂਪ ਵਿਚ ਪੰਜਾਬੀ ਲੋਕਧਾਰਾ ਦਾ ਅਨਿਖੜਵਾਂ ਅੰਗ ਬਣ ਗਈਆਂ ਹਨ। ਇਹ ਸਾਰੀਆਂ ਕਹਾਣੀਆਂ/ਸਾਖੀਆਂ ਗੁਰੂ ਨਾਨਕ ਸਾਹਿਬ ਦੇ ਡੂੰਘੇ ਚਿੰਤਨ ਦੇ ਮਾਲਕ ਹੋਣ ਦੀ ਗਵਾਹੀ ਭਰਦੀਆਂ ਹਨ । ਆਪ ਆਮ ਤੌਰ ਤੇ ਹੀ ਘਰੋਂ ਬਾਹਰ ਖੁਲੀਆਂ ਥਾਵਾਂ ਤੇ ਇਕੱਲਿਆਂ ਜਾ ਬੈਠਦੇ ਅਤੇ ਡੂੰਘੇ ਚਿੰਤਨ ਵਿੱਚ ਡੁੱਬ ਜਾਂਦੇ । ਭਾਈ ਗੁਰਦਾਸ ਅਨੁਸਾਰ ਆਪ ਜੀਵਨ ਦੇ ਹਰ ਪੱਖ ਦੀ ਅਸਲੀਅਤ ਦੀ ਤਹਿ ਤੱਕ ਪਹੁੰਚਦੇ ।ਆਪ ਨੇ ਸਮੇਂ ਦੀਆਂ ਸਮਾਜਕ, ਰਾਜਨੀਤਕ ਅਤੇ ਧਾਰਮਿਕ ਸੰਸਥਾਵਾਂ ਦੀ ਕਾਰਗੁਜ਼ਾਰੀ ਬਾਰੇ ਡੂੰਘਾ ਚਿੰਤਨ ਕੀਤਾ।ਇਹਨਾਂ ਸੰਸਥਾਵਾਂ ਦੀ ਨਿਘਰੀ ਹੋਈ ਹਾਲਤ ਆਪ ਲਈ ਚਿੰਤਾ ਦਾ ਵਿਸ਼ਾ ਸੀ।

ਸਮਾਜ ਦੀ ਹਰ ਪੱਖੋਂ ਨਿਘਰੀ ਹਾਲਤ ਕਾਰਨ ਆਮ ਲੁਕਾਈ ਇਕ ਪਾਸੇ ਤਾਂ ਧਾਰਮਕ ਆਗੂਆਂ ਦੇ ਜੁਲਮਾਂ ਹੇਠ ਲਤਾੜੀ ਜਾ ਰਹੀ ਸੀ ਅਤੇ ਦੂਜੇ ਪਾਸੇ ਮੁਗਲ ਹਾਕਮ ਤਾਕਤ ਦੇ ਨਸ਼ੇ ਵਿੱਚ ਅੰਨੇ ਹੋਏ ਅੰਤਾਂ ਦੇ ਜ਼ੁਲਮ ਕਰ ਰਹੇ ਸਨ । ਹਿੰਦੂ ਜਨਤਾ ਦੀ ਹਾਲਤ ਹੋਰ ਵੀ ਤਰਸਯੋਗ ਸੀ।ਮੁਗਲ ਰਾਜ ਵਿੱਚ ਰਾਜਨੀਤਕ ਗੁਲਾਮੀ ਤਾਂ ਉਹ ਹੰਢਾ ਹੀ ਰਹੇ ਸਨ, ਨਾਲ ਹੀ ਧਰਮ ਦੇ ਠੇਕੇਦਾਰਾਂ ਵਲੋਂ ਫੈਲਾਏ ਕਰਮਕਾਂਡੀ ਜਾਲ ਨੇ ਉਹਨਾਂ ਨੂੰ ਵਹਿਮਾਂ ਭਰਮਾਂ ਦੀ ਜਿੱਲ੍ਹਣ ਵਿੱਚ ਅਜਿਹਾ ਫਸਾਇਆ ਸੀ ਕਿ ਉਹਨਾਂ ਨੂੰ ਬਾਹਰ ਨਿਕਲਣ ਦਾ ਕੋਈ ਰਾਹ ਹੀ ਨਹੀਂ ਦਿਖਾਈ ਦੇ ਰਿਹਾ ਸੀ । ਇਸਤਰੀਆਂ ਅਤੇ ਸ਼ੂਦਰਾਂ ਦੀ ਹਾਲਤ ਤਾਂ ਸਭ ਤੋਂ ਨਿਗੂਣੀ ਬਣੀ ਹੋਈ ਸੀ ਕਿਉਂ ਕਿ ਜਾਤੀ ਵੰਡ ਵਿੱਚ ਉਹ ਸਭ ਤੋਂ ਨੀਂਵੀ ਪਉੜੀ ਤੇ ਖੜ੍ਹੇ ਸਨ।ਇਸ ਤਰਾਂ ਸਮਾਜਕ, ਰਾਜਨੀਤਕ ਅਤੇ ਧਾਰਮਕ, ਭਾਵ ਹਰ ਖੇਤਰ ਵਿੱਚ ਨਾ ਬਰਾਬਰੀ ਪ੍ਰਤੱਖ ਸੀ ਅਤੇ ਚਾਰੇ ਪਾਸੇ ਜੁਲਮ ਦੀ ਹਨੇਰੀ ਝੁੱਲ੍ਹ ਰਹੀ ਸੀ ।ਇਹ ਸਭ ਦੇਖ ਆਪ ਡੂੰਘੀਆਂ ਸੋਚਾਂ ਵਿੱਚ ਪੈ ਗਏ ।

ਗੁਰੂ ਨਾਨਕ ਸਾਹਿਬ ਸਰਬੱਤ ਦੇ ਭਲੇ ਦੇ ਮੁਦਈ ਸਨ।ਆਮ ਜਨਤਾ ਦੇ ਮਨੁੱਖੀ ਹੱਕਾਂ ਤੇ ਜੋ ਛਾਪਾ ਮਾਰਿਆ ਜਾ ਰਿਹਾ ਸੀ, ਉਹ ਉਹਨਾਂ ਨੂੰ ਮਨਜੂਰ ਨਹੀਂ ਸੀ । ਆਪ ਧਾਰਮਿਕ ਆਗੂ ਅਤੇ ਧਰਮਾਂ ਦੇ ਬਾਨੀਆਂ ਦੀ ਕਤਾਰ ਵਿੱਚ ਜਰੂਰ ਆਉਂਦੇ ਸਨ ਪਰ ਆਪ ਦੀ ਧਾਰਮਿਕਤਾ ਇਕ ਵੱਖਰੇ ਰੰਗ ਦੀ ਸੀ । ਧਰਮਸਾਲ ਵਿੱਚ ਬੈਠ ਕੇ ਕੇਵਲ ਪ੍ਰਵਚਨ ਕਰਨ ਤੱਕ ਸੀਮਿਤ ਰਹਿਣਾ ਉਹਨਾਂ ਨੂੰ ਪ੍ਰਵਾਨ ਨਹੀਂ ਸੀ ਅਤੇ ਨਾ ਹੀ ਕਰਮਕਾਂਡੀ ਧਰਮ ਵਿੱਚ ਹੀ ਉਹਨਾਂ ਦੀ ਕੋਈ ਦਿਲਚਸਪੀ ਸੀ। ਉਹ ਤਾਂ ਸਮੇਂ ਦੀ ਬੀਮਾਰ ਮਾਨਸਿਕਤਾ ਨੂੰ ਖਤਮ ਕਰ ਨਵਾਂ ਨਰੋਆ ਸਮਾਜ ਉਸਾਰਨਾ ਲੋਚਦੇ ਸਨ । ਐਮ. ਏ. ਮੈਕਾਲਫ ਅਨੁਸਾਰ ਪੰਡਤ ਹਰਦਿਆਲ ਨੇ ਨਵਜਨਮੇਂ ਬਾਲਕ ਬਾਰੇ ਟਿਪਣੀ ਕਰਦਿਆਂ ਕਿਹਾ ਸੀ ਕਿ ਬਾਲ ਨਾਨਕ ਦੀ ਜਨਮ ਸਮੇਂ ਆਵਾਜ਼ ਇਸ ਤਰ੍ਹਾਂ ਸੀ ਜਿਵੇਂ ਕੋਈ ਸਿਆਣਾ ਮਨੁੱਖ ਹੱਸਦਾ ਹੋਇਆ ਕਿਸੇ ਸਮਾਜਕ ਖੇਤਰ

* ਪ੍ਰਭਜੋਤ ਕੌਰ, ਫਾਰਮਰ ਪ੍ਰਿੰਸੀਪਲ, ਗੋਵਰਨਮੈਂਟ ਕਾੱਲੇਜ, ਲੁਧਿਆਣਾ, ਪੰਜਾਬ, Email: *prabhjotkaur1949@gmail.com*.

ਵਿੱਚ ਸ਼ਾਮਲ ਹੋ ਰਿਹਾ ਹੋਵੇ। ਸੱਚ ਹੀ ਸਿਆਣੇ ਗੁਰੂ ਨਾਨਕ ਸਾਹਿਬ ਇਕ ਅਜਿਹੇ ਸਮਾਜ ਵਿੱਚ ਪ੍ਰਵੇਸ਼ ਹੋਏ ਜਿਸ ਨੂੰ ਮੁੱਢੋਂ ਬਦਲਣਾ ਉਹਨਾਂ ਦਾ ਮੁੱਖ ਟੀਚਾ ਸੀ । ਮਨੁੱਖਤਾ ਨੂੰ ਉਸ ਸਮੇਂ ਦੇ ਸਮਾਜਕ ਧਾਰਮਿਕ ਅਤੇ ਰਾਜਨੀਤਕ ਅੱਤਿਆਚਾਰ ਤੋਂ ਬਚਾ ਕੇ ਸੋਹਣੀ ਜੀਵਨ ਜਾਚ ਸਿੱਖਾ, ਸਫਲ ਜੀਵਨ ਜੀਉਣ ਦੀ ਪ੍ਰੇਰਨਾ ਦੇਣਾ ਹੀ ਉਨ੍ਹਾਂ ਦਾ ਜੀਵਨ ਮੰਤਵ ਸੀ । ਉਹ ਇਕ ਪੂਰਨ ਮਨੁੱਖ ਸਿਰਜਣਾ ਚਾਹੁੰਦੇ ਸਨ, ਅਤੇ ਚਾਹੁੰਦੇ ਸਨ ਕਿ ਸਮਾਜ ਵਿੱਚ ਅਜਿਹੇ ਮਨੁੱਖਾਂ ਦਾ ਬੋਲਬਾਲਾ ਹੋਵੇ ਜਿਨਾਂ ਆਪਣੇ ਆਪ ਨੂੰ ਹਰ ਪੱਖ ਤੋਂ ਵਿਕਸਿਤ ਕਰ ਕੇ ਉੱਤਮ ਦਰਜਾ ਪ੍ਰਾਪਤ ਕਰ ਲਿਆ ਹੋਵੇ । ਸਿਰਦਾਰ ਕਪੂਰ ਸਿੰਘ ਆਈ.ਸੀ.ਐਸ., ਗੁਰੂ ਨਾਨਕ ਸਾਹਿਬ ਦਾ ਜੀਵਨ ਉਦੇਸ਼ ਆਪਣੇ ਲਫਜ਼ਾਂ ਵਿੱਚ ਇਉਂ ਲਿਖਦੇ ਹਨ : "ਮਨੁੱਖ ਦੀ ਆਖਰੀ ਮੰਜ਼ਲ ਰੱਬ ਦੀ ਪ੍ਰਾਪਤੀ ਨਹੀਂ ਸਗੋਂ ਇਕ ਅਜਿਹੇ ਮਾਨਵ ਸਮੂਹ ਦੀ ਸਿਰਜਣਾ ਸੀ ਜੋ ਰੱਬਮੁਖੀ ਹੋਣ ਕਰਕੇ, ਇਸ ਮਾਇਆਵੀ ਧਰਤੀ ਤੋਂ ਨਾਤਾ ਹੀ ਨਾ ਤੋੜ ਲਏ, ਸਗੋਂ ਸਮਾਜ ਵਿੱਚ ਰਹਿੰਦਿਆਂ ਰੱਬਮੁਖਤਾ ਰਾਹੀਂ ਇਸ ਸੰਸਾਰ ਨੂੰ ਇਕ ਅਧਿਆਤਮਕ ਅਤੇ ਸੰਪੂਰਨ ਖੇਤਰ ਵਿੱਚ ਤਬਦੀਲ ਕਰੇ ।ਉਹ ਇਸ ਸਾਰੀ ਧਰਤੀ ਨੂੰ ਅਧਿਆਤਮਕਤਾ ਦੇ ਗੂੜੇ ਰੰਗ ਵਿੱਚ ਰੰਗ ਕੇ ਇਸਨੂੰ ਧਰਮਸਾਲ ਵਿੱਚ ਤਬਦੀਲ ਕਰ ਦੇਣਾ ਲੋਚਦੇ ਸਨ।"[1]

ਇਸ ਮੰਤਵ ਦੀ ਪ੍ਰਾਪਤ ਲਈ ਜਰੂਰੀ ਸੀ ਅਗਿਆਨਤਾ ਅਤੇ ਕੱਟੜਤਾ ਦੇ ਭੇਦਭਾਵ ਅਤੇ ਹੋਰ ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਇਕ ਆਜ਼ਾਦ ਮਾਨਸਿਕਤਾ ਵਾਲਾ ਮਨੁੱਖ ਸਿਰਜਿਆ ਜਾਏ। ਗੁਰੂ ਸਾਹਿਬ ਇਕ ਅਜਿਹੀ ਬਰਾਦਰੀ ਸਿਰਜਣਾ ਚਾਹੁੰਦੇ ਸਨ, ਜਿੱਥੇ ਧਰਮ, ਜਾਤ, ਰੰਗ, ਨਸਲ ਅਤੇ ਲਿੰਗ ਦੇ ਆਧਾਰ ਤੇ ਕੋਈ ਭੇਦ ਭਾਵ ਨਾ ਹੋਵੇ, ਜਿੱਥੇ ਇਸਤਰੀਆਂ ਇਸ ਨਰੋਏ ਸਮਾਜ ਦੀ ਸਿਰਜਣਾ ਵਿੱਚ ਪੂਰਨ ਤੌਰ ਤੇ ਭਾਈਵਾਲ ਹੋਣ, ਜਿੱਥੇ ਮਨੁੱਖ ਹਰ ਤਰਾਂ ਨਾਲ ਡਰ ਮੁਕਤ ਹੋ ਸਿਰ ਉੱਚਾ ਕਰ ਆਤਮ ਸਨਮਾਨ ਭਰਿਆ ਜੀਵਨ ਜੀਊ ਸਕੇ, ਜਿੱਥੇ ਮਨੁੱਖ ਸਾਰੀਆਂ ਵੰਡਾਂ ਤੇ ਹਦਬੰਦੀਆਂ ਤੋਂ ਉਪਰ ਉਠ ਸਚਿਆਰ ਜੀਵਨ ਜੀਊਣ ਦੇ ਕਾਬਲ ਬਣ ਸਕੇ।

ਗੁਰੂ ਸਾਹਿਬ ਸਮੱਸਿਆ ਦੀ ਜੜ੍ਹ ਤਕ ਪਹੁੰਚੇ ।ਗੁਰੂ ਨਾਨਕ ਸਾਹਿਬ ਦਾ ਵਿਸ਼ਵਾਸ ਸੀ ਕਿ ਜਿਸ ਸਮਾਜ ਵਿਚ ਗਿਆਨ ਦਾ ਭੰਡਾਰਾ ਖੁੱਲਾ ਨਾ ਵਰਤਦਾ ਹੋਵੇ, ਉਥੇ ਉਪਰੋਕਤ ਬੀਮਾਰੀਆਂ ਅਤੇ ਅਲਾਮਤਾਂ ਦਾ ਹੋਣਾ ਸੁਭਾਵਿਕ ਹੁੰਦਾ ਹੈ।ਉਹ ਸਮਾਜ ਨਰੋਆ ਨਹੀਂ ਹੋ ਸਕਦਾ ਜਿਸ ਵਿੱਚ ਵਹਿਮ, ਭਰਮ ਅਤੇ ਪਾਖੰਡ ਦਾ ਬੋਲਬਾਲਾ ਹੋਵੇ।ਉਹ ਇਸ ਨਤੀਜੇ ਤੇ ਪਹੁੰਚੇ ਕਿ ਸਮਾਜ ਦੀ ਨਿਘਰੀ ਹੋਈ ਹਾਲਤ ਦਾ ਮੂਲ ਕਾਰਨ ਗਿਆਨ ਦਾ ਲੋਕਾਂ ਦੀ ਭਾਸ਼ਾ ਵਿਚ ਨਾ ਪ੍ਰਾਪਤ ਹੋਣਾ ਸੀ। ਧਰਮ ਗ੍ਰੰਥ, ਜੋ ਉਸ ਸਮੇਂ ਗਿਆਨ ਦਾ ਮੁੱਖ ਸੋਮਾ ਸਨ, ਲੋਕ ਭਾਸ਼ਾ ਵਿਚ ਨਹੀਂ ਲਿਖੇ ਮਿਲਦੇ ਸਨ ।ਗਿਆਨ ਦੇ ਸੋਮਿਆਂ ਤੱਕ ਪਹੁੰਚ ਨਾ ਹੋਣ ਕਾਰਨ ਆਮ ਲੁਕਾਈ ਗਿਆਨ ਪ੍ਰਾਪਤੀ ਤੋਂ ਵਾਂਝੀ ਰਹਿ ਗਈ ਸੀ ਅਤੇ ਹਰ ਪ੍ਰਕਾਰ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੀ ਸੀ।ਧਾਰਮਿਕ ਆਗੂ ਆਮ ਜਨਤਾ ਦੀ ਅਗਵਾਈ ਕਰਨ ਦੀ ਥਾਂ ਰਾਜਨੀਤਕ ਆਗੂਆਂ ਦੇ ਪਿੱਛਲੱਗ ਬਣ ਆਪਣੇ ਫਰਜ਼ ਵਲੋਂ ਕੁਤਾਹੀ ਕਰ ਰਹੇ ਸਨ। ਦਰਅਸਲ ਉਹਨਾਂ ਦਾ ਸਵਾਰਥ ਵੀ ਲੋਕਾਂ ਦੇ ਅਗਿਆਨੀ ਰਹਿਣ ਨਾਲ ਹੀ ਪੂਰਾ ਹੋ ਸਕਦਾ ਸੀ। ਗੱਲ ਕੀ ਸਾਰੇ ਪਾਸੇ ਹਨੇਰਾ ਛਾਇਆ ਹੋਇਆ ਸੀ ।

ਬਾਬੇ ਨਾਨਕ ਨੇ ਸਾਰੀ ਸਥਿਤੀ ਦਾ ਵਿਸ਼ਲੇਸ਼ਣ ਕੀਤਾ ਅਤੇ ਇਸ ਨਤੀਜੇ ਤੇ ਪਹੁੰਚਿਆ ਕਿ ਗਿਆਨ ਦੇਣ ਵਾਲੇ ਸਚੇ ਗੁਰੂ ਦੀ ਅਣਹੋਂਦ ਹੀ ਲੁਕਾਈ ਦੀ ਤਰਸਯੋਗ ਹਾਲਤ ਦਾ ਮੁਖ ਕਾਰਣ ਸੀ। ਇਸੇ ਲਈ ਬਾਬੇ ਨੇ ਫੈਸਲਾ ਕੀਤਾ ਕਿ

ਸੰਸਾਰ ਦਾ ਭ੍ਰਮਣ ਕਰਕੇ ਅਗਿਆਨ ਦਾ ਹਨੇਰਾ ਦੂਰ ਕੀਤਾ ਜਾਏ।ਭਾਈ ਗੁਰਦਾਸ ਜੀ ਇਸ ਸਾਰੀ ਸਥਿਤੀ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ:

*ਬਾਬੇ ਦੇਖੇ ਧਿਯਾਨ ਧਰ ਜਲਤੀ ਸਭ ਪ੍ਰਿਥਮੀ ਦਿਸ ਆਈ।*
*ਬਾਝਹੁ ਗੁਰੂ ਗੁਬਾਰ ਹੈ ਹੈਹੈ ਕਰਦੀ ਸੁਣੀ ਲੁਕਾਈ।*
*ਬਾਬੇ ਭੇਖ ਬਣਾਇਆ ਉਦਾਸੀ ਦੀ ਰੀਤ ਚਲਾਈ*
*ਚੜ੍ਹਿਆ ਸੋਧਨ ਧਰਤ ਲੁਕਾਈ ।*[2]

'ਜਲਤੀ ਸਭ ਪ੍ਰਿਥਮੀ' ਨੂੰ ਦੇਖ ਬਾਬੇ ਨਾਨਕ ਨੇ ਉਦਾਸੀ ਭੇਖ ਧਾਰਨ ਕੀਤਾ ਅਤੇ ਚੜ੍ਹ ਪਿਆ ਧਰਤ ਲੁਕਾਈ ਸੋਧਣ ਲਈ।ਪੱਛਮ ਵਿੱਚ ਮੱਕੇ, ਮਦੀਨੇ ਬਗਦਾਦ ਤੱਕ, ਪੂਰਬ ਵਿੱਚ ਆਸਾਮ ਬਰਮਾ, ਉੱਤਰ ਵਿੱਚ ਲੇਹ ਲਦਾਖ ਤੇ ਚੀਨ ਅਤੇ ਦੱਖਣ ਵਿੱਚ ਲੰਕਾ ਤੱਕ ਸਾਰੇ ਸੰਸਾਰ ਦਾ ਦੌਰਾ ਕੀਤਾ ਅਤੇ ਪ੍ਰਭੂ, ਪ੍ਰਮਾਤਮਾ ਵਲੋਂ ਪ੍ਰਾਪਤ ਗਿਆਨ ਦੀ ਦਾਤ ਸਮੂਹ ਸੰਸਾਰ ਵਿੱਚ ਵੰਡੀ । ਉਸ ਸਮੇਂ ਵਿੱਚ ਜਦੋਂ ਅੱਜ ਦੇ ਸੌਖੇ ਆਵਾਜਾਈ ਦੇ ਸਾਧਨ ਪ੍ਰਾਪਤ ਨਹੀਂ ਸਨ, ਬਾਬੇ ਨਾਨਕ ਨੇ ਸਾਰੇ ਸੰਸਾਰ ਦਾ ਪੈਦਲ ਰਟਨ ਕੀਤਾ । ਰਸਤੇ ਵਿਚ ਆਈਆਂ ਅਨੇਕਾਂ ਮੁਸੀਬਤਾਂ ਬਾਬੇ ਨੂੰ ਆਪਣੇ ਦ੍ਰਿੜ ਨਿਸ਼ਚੇ ਤੋਂ ਹਟਾ ਨਹੀਂ ਸਕੀਆਂ।

ਉਦਾਸੀਆਂ (ਪ੍ਰਚਾਰ ਦੌਰੇ) ਕਰਦਿਆਂ ਬਾਬੇ ਨੇ ਦੇਖ ਲਿਆ ਸੀ ਕਿ ਆਮ ਜਨਤਾ ਹਰ ਥਾਂ ਤੇ ਬੇਪੱਤ ਹੋ ਰਹੀ ਸੀ। 'ਪਤਿ ਬਿਨ ਪਾਰਿ ਨਾ ਪਇ' ਅਨੁਸਾਰ ਆਪ ਸਮਝਦੇ ਸਨ ਕਿ ਪਤਿ ਵਿਹੁਣਾ ਜੀਵਨ ਪਸ਼ੂ ਜੀਵਨ ਤੋਂ ਘੱਟ ਨਹੀਂ ਸੀ । ਸੋ ਆਪ ਨੇ ਥਾਂ ਥਾਂ ਜਾ ਕੇ ਸੰਸਾਰ ਦੇ ਸਮੂਹ ਲੋਕਾਂ ਨੂੰ ਪਤਿ ਭਰਿਆ ਜੀਵਨ ਜੀਉਣ ਲਈ ਹਲੂਣਿਆ ਅਤੇ ਇਸ ਦਾ ਆਧਾਰ ਤਿਆਰ ਕਰਨ ਲਈ ਆਪ ਨੇ ਬਾਣੀ ਦੀ ਰਚਨਾ ਲੋਕ ਭਾਸ਼ਾ ਵਿੱਚ ਕਰਨੀ ਸ਼ੁਰੂ ਕੀਤੀ, ਜੋ ਗੁਰ ਨਾਨਕ ਦੀ ਪੰਜਵੀਂ ਜੋਤ ਗੁਰੂ ਅਰਜਨ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਕਲਿਤ ਕੀਤੀ।

ਸਮੱਸਿਆ ਦਾ ਇਕ ਹੋਰ ਪਹਿਲੂ ਵੀ ਸੀ।ਗੁਰੂ ਸਾਹਿਬ ਸਮਝਦੇ ਸਨ ਕਿ ਕਿਸੇ ਵੀ ਕੌਮ ਦਾ ਗਿਆਨਵਾਨ ਅਤੇ ਸ੍ਵੈਵਿਸ਼ਵਾਸ਼ੀ ਹੋਣਾ ਮੁਮਕਿਨ ਨਹੀਂ ਹੁੰਦਾ ਜੇ ਉਸ ਕੌਮ ਦੀ ਇਸਤਰੀ ਗਿਆਨਵਾਨ, ਸਵੈਵਿਸ਼ਵਾਸ਼ੀ ਅਤੇ ਅਣਖੀ ਨਾ ਹੋਵੇ । ਇਉਂ ਲਗਦਾ ਹੈ ਕਿ ਜਦੋਂ ਅੰਗਰੇਜ਼ੀ ਦਾ ਕਵੀ ਪੀ. ਬੀ. ਸ਼ੈਲੇ ਪ੍ਰਸ਼ਨ ਕਰਦਾ ਹੈ: "Can Man be free if women are slaves?" ਤਾਂ ਉਹ ਗੁਰੂ ਨਾਨਕ ਸਾਹਿਬ ਦੇ ਵਿਚਾਰ ਹੀ ਦੁਹਰਾ ਰਿਹਾ ਹੋਵੇ।ਭਾਵ ਜੇ ਇਸਤਰੀ ਆਜ਼ਾਦ ਨਹੀਂ ਤਾਂ ਮਨੁੱਖਤਾ ਕਿਸੇ ਹਾਲਤ ਵਿੱਚ ਆਜ਼ਾਦ ਨਹੀਂ ਹੋ ਸਕਦੀ । ਆਪ ਸਮਝਦੇ ਸਨ ਕਿ ਆਮ ਮਨੁੱਖ ਦੀ ਅਗਿਆਨਤਾ ਤੋਂ ਇਲਾਵਾ ਭਾਰਤੀਆਂ ਦੀ ਸਦੀਆਂ ਦੀ ਗੁਲਾਮੀ ਦਾ ਮੁੱਖ ਕਾਰਨ ਇਸਤਰੀ ਜਾਤੀ ਦੀ ਗਿਰਾਵਟ ਵਾਲੀ ਸਥਿਤੀ ਸੀ । ਸਵੈਮਾਣ ਅਤੇ ਸਵੈਵਿਸ਼ਵਾਸ਼ ਵਿਹੀਨ ਇਸਤਰੀ ਕਿਵੇਂ ਇਹਨਾਂ ਗੁਣਾਂ ਨਾਲ ਭਰਪੂਰ ਔਲਾਦ ਪੈਦਾ ਕਰ ਸਕਦੀ ਹੈ? ਸਵੈਮਾਣ ਵਿਹੂਣੇ ਹਿੰਦੁਸਤਾਨੀਆਂ ਲਈ ਆਪਣੀਆਂ ਇਸਤਰੀਆਂ ਨੂੰ ਧਾੜਵੀਆਂ ਵਲੋਂ ਪਸ਼ੂਆਂ ਦੀ ਤਰਾਂ ਹੱਕੇ ਜਾਂਦੇ ਦੇਖਣਾ ਇਕ ਆਮ ਜਿਹੀ ਗਲ ਹੀ ਸੀ। ਆਪਣੀਆਂ ਇਸਤਰੀਆਂ ਵਿਦੇਸ਼ਾਂ ਵਿਚ ਟਕੇ-ਟਕੇ ਦੇ ਭਾਅ ਵਿਕਦੀਆਂ ਦੇਖ

ਕੇ ਵੀ ਪਤਿ ਵਿਹੂਣਾ ਜੀਵਨ ਜੀਊਂਦੀ ਜਨਤਾ ਦੀ ਅਣਖ ਨੇ ਸੱਟ ਨਹੀਂ ਖਾਧੀ। ਇਸਤਰੀਆਂ ਨੂੰ ਪੈਰ ਦੀ ਜੁੱਤੀ ਬਣਾਉਂਦੇ ਬਣਾਉਂਦੇ ਹਿੰਦੁਸਤਾਨੀ ਆਪ ਹੀ ਵਿਦੇਸ਼ੀ ਜਰਵਾਣਿਆਂ ਦੇ ਪੈਰ ਦੀ ਜੁੱਤੀ ਬਣ ਗਏ ਸਨ।

ਯੁਗਪੁਰਸ਼ ਬਾਬੇ ਨਾਨਕ ਨੇ ਅਜਿਹੇ ਹਾਲਾਤ ਨਾਲ ਸਮਝੌਤਾ ਕਰਨਾ ਪ੍ਰਵਾਨ ਨਹੀਂ ਕੀਤਾ। ਉਹ ਸਾਰੀ ਸਥਿਤੀ ਬਦਲਣ ਲਈ ਦ੍ਰਿੜ ਇਰਾਦਾ ਸਨ ਅਤੇ ਇਸ ਲਈ ਉਹਨਾਂ ਇਸ ਦਿਸ਼ਾ ਵਲ ਪਹਿਲੇ ਕਦਮ ਵਜੋਂ ਸੰਸਾਰ ਭਰ ਦੀਆਂ ਇਸਤਰੀਆਂ ਦੇ ਹੱਕ ਵਿਚ ਜ਼ੋਰਦਾਰ ਨਾਅਰਾ ਲਗਾਇਆ:

*ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ॥*[3]

ਇਕ ਪੁਰਖਾ ਰਾਜ ਦੇ ਉਸ ਸਮੇਂ ਵਿੱਚ ਜਦੋਂ ਬਾਦਸ਼ਾਹ ਨਿਹਕਲੰਕ ਸਮਝਿਆ ਜਾਂਦਾ ਸੀ, ਗੁਰੂ ਸਾਹਿਬ ਨੇ ਦਲੀਲ ਦਿੱਤੀ ਕਿ ਨਿਹਕਲੰਕ ਸਮਝੇ ਜਾਂਦੇ ਰਾਜੇ ਨੂੰ ਜਨਮ ਦੇਣ ਵਾਲੀ ਮਾਂ ਨੂੰ ਕਲੰਕਣੀ ਹੋਣ ਦਾ ਦਰਜਾ ਦੇਣਾ ਕਿਸੇ ਤਰ੍ਹਾਂ ਵੀ ਨਿਆਂ ਸੰਗਤ ਨਹੀਂ ਹੋ ਸਕਦਾ।ਅਤੇ ਇਹ ਫੋਕਾ ਨਾਅਰਾ ਹੀ ਨਹੀਂ ਸੀ।ਗੁਰੂ ਸਾਹਿਬ ਨੇ ਉਹ ਸਾਰੀਆਂ ਰਸਮਾਂ ਅਤੇ ਪਰੰਪਰਾਵਾਂ ਨੂੰ ਵੀ ਮੰਨਣ ਤੋਂ ਇਨਕਾਰ ਕੀਤਾ ਜੋ ਇਸਤਰੀ ਜਾਤੀ ਨੂੰ ਸਨਮਾਨਯੋਗ ਦਰਜਾ ਦੇਣ ਦੇ ਰਸਤੇ ਵਿੱਚ ਰੁਕਾਵਟ ਸਨ। ਗੁਰੂ ਨਾਨਕ ਸਾਹਿਬ ਅਤੇ ਉਹਨਾਂ ਦੇ ਨੌ ਅਧਿਆਤਮਕ ਵਾਰਸਾਂ ਨੇ ਇਸਤਰੀ ਦੀ ਸਥਿਤੀ ਸੁਧਾਰਣ ਲਈ ਅਮਲੀ ਕਦਮ ਚੁੱਕੇ । ਇਸਤਰੀ ਨੂੰ ਪਰਵਾਰ ਦਾ ਧੁਰਾ ਸਮਝਦਿਆਂ ਪਰਵਾਰ ਦੀ ਪਵਿੱਤਰਤਾ ਤੇ ਜ਼ੋਰ ਦਿੱਤਾ ।ਬਾਬਾ ਨਾਨਕ ਜੀ ਸਮਝਦੇ ਸਨ ਕਿ ਕਿਸੇ ਵੀ ਸਮਾਜ ਦੀ ਹੋਣੀ ਨੂੰ ਬਦਲਣ ਲਈ ਮਨੁੱਖੀ ਸਮਾਜ ਦਾ ਮੁਢਲਾ ਧੁਰਾ, ਪਰਵਾਰ, ਜਿਸ ਤੇ ਸਮੁਚੇ ਸਮਾਜ ਦੀ ਭਲਾਈ ਨਿਰਭਰ ਕਰਦੀ ਹੈ, ਦਾ ਸਿਹਤਮੰਦ ਹੋਣਾ ਜ਼ਰੂਰੀ ਸੀ। ਜਦੋਂ ਪਰਵਾਰ ਮਰਦ ਤੇ ਇਸਤਰੀ ਦੀ ਪ੍ਰਸਪਰ ਸਾਂਝ ਤੇ ਅਧਾਰਿਤ ਨਾ ਹੋ ਕੇ ਲਾਲਚ ਅਤੇ ਹਉਮੈ ਦੀਆਂ ਰੇਤਲੀਆਂ ਨੀਹਾਂ ਤੇ ਟਿਕਿਆ ਹੋਵੇ ਤਾਂ ਕਦੀ ਵੀ ਸਮਾਜ ਸਿਹਤਮੰਦ ਨਹੀਂ ਹੋ ਸਕਦਾ।ਸਿਹਤਮੰਦ ਸਮਾਜ ਦੀ ਉਸਾਰੀ ਲਈ ਜ਼ਰੂਰੀ ਸੀ ਕਿ ਸਮਾਜ ਦੀ ਮੁਢਲੀ ਇਕਾਈ ਪਰਵਾਰ ਨੂੰ ਸਿਹਤਮੰਦ ਬਣਾਇਆ ਜਾਏ।

ਸੰਸਾਰ ਦੇ ਕੁਲ ਧਰਮਾਂ ਦੇ ਵਿਚਾਰਕ ਪਰਵਾਰ ਨੂੰ ਅਧਿਆਤਮਕ ਉਨਤੀ ਦੇ ਰਾਹ ਵਿੱਚ ਰੁਕਾਵਟ ਸਮਝਦੇ ਰਹੇ ਹਨ।ਹਿੰਦੁਸਤਾਨ ਦਾ ਫਲਸਫਾ ਵੀ ਤਿਆਗ ਤੇ ਤਪੱਸਵੀ ਜੀਵਨ ਜੀਊਣ ਤੇ ਜ਼ੋਰ ਦੇਂਦਾ ਹੈ।ਪਰ ਗੁਰੂ ਸਾਹਿਬ ਨੇ ਪਰਵਾਰ ਨੂੰ ਮੁਢਲੀ ਤਰਜੀਹ ਦਿਤੀ ਅਤੇ ਪਰਵਾਰਕ ਪ੍ਰੇਮ ਨੂੰ ਰੱਬੀ ਪ੍ਰੇਮ ਦਾ ਆਧਾਰ ਬਣਾ ਇਸ ਦਾ ਅਧਿਆਤਮੀਕਰਣ ਕਰ ਇਸ ਨੂੰ ਵਡਿਆਇਆ ਅਤੇ ਉਚਿਆਇਆ। ਗੁਰੂ ਨਾਨਕ ਸਾਹਿਬ ਅਤੇ ਉਹਨਾਂ ਦੀ ਵੱਡੀ ਭੈਣ ਨਾਨਕੀ ਦਾ ਆਪਸੀ ਪ੍ਰੇਮ ਪੰਜਾਬੀ ਲੋਕਧਾਰਾ ਦਾ ਅਨਿਖੜਵਾਂ ਅੰਗ ਬਣ ਗਿਆ ਹੈ।ਅਨੇਕਾਂ ਪੰਜਾਬੀ ਲੋਕ ਗੀਤ ਭੈਣ ਭਰਾ ਦੇ ਇਸ ਪਵਿਤਰ ਪਿਆਰ ਬਾਰੇ ਗਾਏ ਗਏ ਹਨ।ਸਿੱਖ ਪਰੰਪਰਾ ਅਨੁਸਾਰ ਭੈਣ ਨਾਨਕੀ ਰੋਟੀਆਂ ਪਕਾਉਂਦੀ ਵੀਰ ਨਾਨਕ ਨੂੰ ਯਾਦ ਕਰਦੀ ਤਾਂ ਵੀਰ ਭੈਣ ਕੋਲ ਪਹੁੰਚਣ ਵਿਚ ਦੇਰ ਨਾ ਲਾਉਂਦਾ।

ਪਤੀ ਅਤੇ ਪਤਨੀ ਦੇ ਰਿਸ਼ਤੇ ਨੂੰ ਦੇਹ ਤੱਕ ਨਾ ਸੀਮਿਤ ਰੱਖ ਕੇ ਅਧਿਆਤਮਕਤਾ ਦੀ ਉੱਚੀ ਪੌੜੀ ਤੇ ਰਖਿਆ ਗਿਆ ਅਤੇ ਪਤੀ ਪਤਨੀ ਦੇ ਆਪਸੀ ਪ੍ਰੇਮ ਨੂੰ ਸ਼ਰਧਾਲੂ ਅਤੇ ਪ੍ਰਭੂ ਪ੍ਰਮਾਤਮਾ ਦੇ ਪਿਆਰ ਨਾਲ ਤੁਲਨਾ ਕੇ ਇਸ ਨੂੰ ਪਵਿਤੱਰਤਾ ਪ੍ਰਦਾਨ ਕੀਤੀ ਗਈ।ਗੁਰੂ ਸਾਹਿਬ ਦੀ ਅਸਾਮ ਫੇਰੀ ਦੌਰਾਨ ਕਾਮਰੂਪ ਦੀਆਂ ਇਸਤਰੀਆਂ ਵਲੋਂ ਗੁਰੂ

ਸਾਹਿਬ ਨੂੰ ਲੁਭਾਉਣ ਦੇ ਯਤਨ ਉਹਨਾਂ ਨੂੰ ਆਪਣੇ ਨਿਸਚੇ ਤੋਂ ਡੁਲ੍ਹਾ ਨਾ ਸਕੇ । ਆਪ ਨੇ ਉਹਨਾਂ ਨੂੰ ਪਿਆਰ ਨਾਲ ਪੁਤਰੀ ਕਹਿ ਕੇ ਸ਼ੁਭ ਗੁਣ ਧਾਰਨ ਕਰਨ ਦਾ ਉਪਦੇਸ਼ ਦਿੱਤਾ :

*ਗਾਛਹੁ ਪੁਤ੍ਰ ਰਾਜ ਕੁਆਰਿ॥ ਨਾਮ ਭਣਹੁ ਸਚੁ ਦੋਤੁ ਸਵਾਰਿ॥*[4]

ਇਸ ਤਰ੍ਹਾ 'ਪਰ ਬੇਟੀ ਕਉ ਬੇਟੀ ਜਾਨੇ' ਦਾ ਸਭਿਆਚਾਰ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਬਨਣਾ ਸ਼ੁਰੂ ਹੋ ਗਿਆ ਸੀ ਅਤੇ 'ਕਾਗਦ ਸੰਦੀ ਪੁਤਲੀ' ਅਤੇ 'ਬਾਘਣ' ਦੇ ਵਿਸ਼ੇਸ਼ਣਾਂ ਨਾਲ ਤਿਰਸਕਾਰੀ ਜਾਂਦੀ ਇਸਤਰੀ ਨੂੰ ਪਰਵਾਰ ਵਿੱਚ ਸਤਿਕਾਰ ਪੂਰਨ ਦਰਜਾ ਦਿੱਤਾ ਗਿਆ ।

ਇਸਤਰੀਆਂ ਪ੍ਰਤੀ ਸਤਿਕਾਰ ਗੁਰੂ ਪਰਵਾਰਾਂ ਦਾ ਇਕ ਮੁੱਢਲਾ ਸਿਧਾਂਤ ਸੀ । ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਖੇ ਟਿਕਾਣਾ ਕਰਨ ਤੋਂ ਬਾਅਦ ਰੋਜ਼ ਸਵੇਰ ਦੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਬੱਚਿਆਂ ਨੂੰ ਵਿਦਿਆ ਦੇਣ ਦਾ ਕੰਮ ਆਰੰਭਿਆ। ਇਹਨਾਂ ਕਲਾਸਾਂ ਵਿੱਚ ਲੜਕਿਆਂ ਦੇ ਨਾਲ ਨਾਲ ਲੜਕੀਆਂ ਦੀ ਸਿਖਲਾਈ ਦਾ ਵੀ ਪੂਰਨ ਧਿਆਨ ਰੱਖਿਆ ਜਾਂਦਾ।ਆਪ ਦੀ ਪਤਨੀ ਮਾਤਾ ਖੀਵੀ ਜੀ ਲੰਗਰ ਦੀ ਇੰਚਾਰਜ ਸੀ ਜੋ ਹੌਲੀ ਹੌਲੀ ਇਕ ਵੱਡੀ ਸੰਸਥਾ ਦਾ ਰੂਪ ਧਾਰਨ ਕਰ ਰਹੀ ਸੀ। ਆਪਣੇ ਬੱਚਿਆਂ ਦੇ ਨਾਲ ਨਾਲ ਸਮੂਹ ਸੰਗਤ ਦੀ ਮਾਂ ਵਾਂਗ ਸੇਵਾ ਕਰ ਮਾਤਾ ਖੀਵੀ ਆਪਣੇ ਸਿੱਖ ਪਰਵਾਰ ਨੂੰ ਵੱਡਾ ਕਰ ਰਹੀ ਸੀ।

ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਵਲੋਂ ਆਰੰਭ ਕੀਤੀ ਨਵੀਂ ਸਭਿਆਚਾਰਕ ਸਿਰਜਣਾ ਦੇ ਕੰਮ ਨੂੰ ਹੋਰ ਅਗੇਰੇ ਤੋਰਦਿਆਂ ਇਸਤਰੀ ਉਧਾਰ ਲਈ ਇਨਕਲਾਬੀ ਕਦਮ ਚੁੱਕੇ।ਸਤੀ ਵਰਗੀ ਭਿਆਨਕ ਰਸਮ ਦਾ ਬਾ-ਹੁਕਮ ਖਾਤਮਾ ਕੀਤਾ । ਬਾਲ ਵਿਆਹ ਬੰਦ ਕਰਕੇ ਵਿਧਵਾ ਵਿਆਹ ਦੀ ਨਵੀਂ ਰੀਤ ਚਲਾਣ ਅਤੇ ਇਸਤਰੀ ਨੂੰ ਪਰਦੇ ਹੇਠ ਰੱਖਣ ਦੀ ਪ੍ਰਥਾ ਵੀ ਖਤਮ ਕਰਨ ਦੇ ਹੁਕਮ ਦਿੱਤੇ।ਇਕ ਰਾਣੀ ਨੂੰ ਵੀ ਗੁਰੂ ਸਾਹਿਬ ਅੱਗੇ ਪਰਦਾ ਕਰਕੇ ਆਉਣ ਦੀ ਇਜ਼ਾਜ਼ਤ ਨਹੀਂ ਮਿਲੀ । ਦਾਜ ਦੇ ਵਿਖਾਵੇ ਨੂੰ ਹਉਮੈ ਦਾ ਪ੍ਰਗਟਾਵਾ ਕਹਿ ਕੇ ਨਿੰਦਿਆ।ਇਸਤਰੀ ਵਿਰੋਧੀ ਰਸਮਾਂ ਨੂੰ ਖਤਮ ਕਰ ਉਹਨਾਂ ਨੂੰ ਬਾਣੀ ਦੀ ਛੁਹ ਲਾ ਅਧਿਆਤਮਕ ਤੌਰ ਤੇ ਉਚਿਆਇਆ ਅਤੇ ਸਮਾਂ ਪੈਣ ਤੇ ਜਦੋਂ ਪ੍ਰਭਾਵ ਅਧੀਨ ਖੇਤਰ ਨੂੰ ੨੨ ਖਿੱਤਿਆਂ ਵਿੱਚ ਵੰਡਣ ਦਾ ਸਮਾਂ ਆਇਆ ਤਾਂ ਇਸਤਰੀਆਂ ਨੂੰ ਵੀ ਮਰਦਾਂ ਦੇ ਬਰਾਬਰ ਦਰਜਾ ਦੇ ਕੇ ਭੇਜਿਆ, ਜਿੱਥੇ ਉਹ ਧਾਰਮਿਕ ਸਿੱਖਿਆ ਦੇ ਨਾਲ ਨਾਲ ਲੋਕ ਸੇਵਾ ਦੇ ਕਾਰਜਾਂ ਲਈ ਮਾਇਆ ਵੀ ਇਕੱਠੀ ਕਰਦੀਆਂ ਅਤੇ ਹੋਰ ਸਭ ਤਰ੍ਹਾਂ ਨਾਲ ਰੋਜ਼ਾਨਾਂ ਜ਼ਿੰਦਗੀ ਵਿੱਚ ਆਉਂਦੀਆਂ ਸਮਸਿਆਵਾਂ ਬਾਰੇ ਵੀ ਅਗਵਾਈ ਕਰਦੀਆਂ ।

ਯਾਦ ਰਹੇ ਕਿ ਉਹਨਾਂ ਦਿਨਾਂ ਵਿੱਚ ਧਾਰਮਿਕ ਗਿਆਨ ਪ੍ਰਾਪਤ ਕਰਨਾ ਹੀ ਵਿਦਿਆ ਦਾ ਇਕੋ ਇਕ ਸਰੂਪ ਸੀ। ਅੱਜ ਦੀ ਤਰ੍ਹਾਂ ਸਕੂਲੀ ਵਿੱਦਿਆ ਸਦੀਆਂ ਪਿੱਛੋਂ ਉਦਯੋਗਿਕ ਕ੍ਰਾਂਤੀ ਤੋ ਬਾਅਦ ਹੀ ਹੋਂਦ ਵਿੱਚ ਆਈ, ਜਦੋਂ ਫੈਕਟਰੀਆਂ ਵਿੱਚ ਤਕਨੀਕੀ ਕਾਮਿਆਂ ਦੀ ਲੋੜ ਪਈ। ਉਸ ਤੋਂ ਪਹਿਲਾਂ ਵਿੱਦਿਆ ਕੇਵਲ ਆਪਾ ਸੁਧਾਰਣ ਦਾ ਸਾਧਨ ਹੀ ਸੀ।ਇਹ ਵੀ ਯਾਦ ਰਹੇ ਕਿ ਉਸ ਸਮੇਂ ਸ਼ੂਦਰ ਸਮਝੇ ਜਾਂਦੇ ਲੋਕਾਂ, ਜਿਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਧਾਰਮਕ ਵਿਦਿਆ ਦਾ ਹੱਕ ਨਹੀਂ ਪ੍ਰਾਪਤ ਸੀ, ਨੂੰ ਵੀ ਗੁਰੂ ਸਾਹਿਬ ਨੇ ਵਿਦਿਆ ਦੇ ਕੇ ਧਾਰਮਿਕ ਆਗੂ ਬਨਣ ਦਾ ਮਾਣ ਦਿੱਤਾ ।

ਸਿੱਖ ਵਿਚਾਰਧਾਰਾ ਅਨੁਸਾਰ ਇਸਤਰੀ ਹਰ ਤਰ੍ਹਾਂ ਨਾਲ ਮਰਦ ਦੀ ਬਰਾਬਰ ਦੀ ਸਾਥਣ ਸਮਝੀ ਗਈ ਹੈ । ਪਤੀ ਪਤਨੀ ਦੋ ਹੁੰਦਿਆਂ ਵੀ ਇਕ ਸਮਝੇ ਗਏ ਹਨ:

*ਹਉ ਜਾਇ ਪੁਛਾ ਸੋਹਾਗ ਸੁਹਾਗਣਿ ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ॥*[5]

'ਸੁਹਾਗ' ਅਤੇ 'ਸੁਹਾਗਣ' ਦੋਹਾਂ ਨੂੰ ਪੁਛੇ ਗਏ ਪ੍ਰਸ਼ਨ ਦਾ ਜੁਆਬ ਦੋਵੇਂ ਇਕ ਰੂਪ (ਮੈਂ) ਹੋ ਕੇ ਦੇਂਦੇ ਹਨ :

*ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ॥*[6]

ਪਤੀ ਅਤੇ ਪਤਨੀ ਦੋਹਾਂ ਤੋਂ 'ਏਕ ਜੋਤ ਦੁਇ ਮੂਰਤੀ' ਹੋ ਕੇ ਜੀਵਨ ਬਿਤਾਉਣ ਦੀ ਆਸ ਰੱਖੀ ਗਈ ਹੈ, ਜਿੱਥੇ ਕਿਸੇ ਤਰ੍ਹਾਂ ਦੇ ਦੂਈ ਭਾਵ ਦੀ ਕੋਈ ਥਾਂ ਨਹੀਂ।ਇਸਤਰੀ ਅਤੇ ਮਰਦ ਵਿੱਚ ਭੇਦ ਨਹੀਂ ਰੱਖਿਆ ਗਿਆ। ਦੰਪਤੀ ਕੋਲੋਂ ਉਮੀਦ ਕੀਤੀ ਗਈ ਹੈ ਕਿ ਆਪਸੀ ਮਤ ਭੇਦ ਹੁੰਦਿਆਂ ਵੀ ਸਮਸਿਆਵਾਂ ਦਾ ਹਲ ਪਰਵਾਰਕ ਕਦਰਾਂ ਕੀਮਤਾਂ ਨੂੰ ਪਹਿਲ ਦੇ ਕੇ ਹੀ ਕੀਤਾ ਜਾਏ। ਹਉਮੈ ਦੀ ਭਾਵਨਾ ਅਧੀਨ ਕੀਤੇ ਫੈਸਲੇ ਕਲਹ ਕਲੇਸ਼ ਹੀ ਪੈਦਾ ਕਰਦੇ ਹਨ।

ਗੁਰੂ ਹਰਿਗੋਬਿੰਦ ਸਾਹਿਬ ਦੇ ਗ੍ਰਹਿਸਥੀ ਹੁੰਦਿਆਂ ਅਧਿਆਤਮਕ ਉੱਚਤਾ ਦੇ ਮਾਲਕ ਹੋਣ ਬਾਰੇ ਇਕ ਸ਼ੰਕੇ ਦਾ ਜੁਆਬ ਦੇਂਦਿਆਂ ਉਹਨਾਂ 'ਔਰਤ' ਨੂੰ 'ਈਮਾਨ' ਦੱਸਿਆ।ਸ਼੍ਰੋਮਣੀ ਕਵੀ ਭਾਈ ਗੁਰਦਾਸ 'ਅਰਧ ਸਰੀਰੀ' ਭਾਵ ਪਤਨੀ ਨੂੰ ਪਤੀ ਲਈ 'ਮੋਖ ਦੁਆਰੀ' ਭਾਵ ਮੁਕਤੀ ਦਿਵਾਉਣ ਵਾਲੀ ਸਮਝਦੇ ਹਨ। ਉਹਨਾਂ ਅਨੁਸਾਰ ਪਤੀ ਪਤਨੀ ਦਾ ਇਕ ਦੂਜੇ ਦੇ ਸਾਥ ਵਿੱਚ ਪਰਵਾਰ ਨਾਲ ਬਿਤਾਇਆ ਜੀਵਨ ਹੀ ਸਰਵੋਤਮ ਧਰਮ ਸਮਝਿਆ ਗਿਆ ਹੈ।

*ਸਕਲ ਧਰਮ ਮਹਿ ਗ੍ਰਹਿਸਤੁ ਪ੍ਰਧਾਨ ਹੈ।*[7]

ਸਿੱਖ ਲਹਿਰ ਦੇ ਆਰੰਭ ਤੋਂ ਹੀ ਗੁਰੂ ਸਾਹਿਬਾਨ ਵਲੋਂ ਇਸਤਰੀਆਂ ਪ੍ਰਤੀ ਹਾਂ ਪੱਖੀ ਵਤੀਰਾ ਰੱਖਣ ਦੇ ਨਤੀਜੇ ਵਜੋਂ ਇਸ ਖਿੱਤੇ ਦੀਆਂ ਇਸਤਰੀਆਂ ਦ੍ਰਿੜ ਨਿਸਚਈ ਬਣ ਗੁਰੂ ਸਾਹਿਬ ਦੇ ਨਵੇਂ ਨਰੋਏ ਸਮਾਜ ਨੂੰ ਸਿਰਜਣ ਦੇ ਸੁਪਨੇ ਨੂੰ ਅਮਲੀ ਰੂਪ ਦੇਣ ਲਈ ਤਿਆਰ ਹੋ ਗਈਆਂ ।

ਸਿੱਖ ਲਹਿਰ ਦੇ ਮੁੱਢਲੇ ਦਿਨਾਂ ਵਿੱਚ ਇਸਤਰੀਆਂ ਦਾ ਕਾਰਜ ਖੇਤਰ ਮੁੱਖ ਤੌਰ ਤੇ ਸਮਾਜਿਕ ਅਤੇ ਧਾਰਮਿਕ ਖੇਤਰ ਤੱਕ ਹੀ ਸੀਮਿਤ ਰਿਹਾ ਅਤੇ ਇਸ ਖੇਤਰ ਵਿੱਚ ਉਹਨਾਂ ਪ੍ਰਭਾਵਸ਼ਾਲੀ ਹਿੱਸਾ ਪਾਇਆ। ਹੌਲੀ ਹੌਲੀ ਉਹਨਾਂ ਦੇ ਕਾਰਜ ਖੇਤਰ ਦਾ ਵਿਸਤਾਰ ਹੁੰਦਾ ਗਿਆ ਅਤੇ ਦਸਮ ਗੁਰੂ ਦੇ ਸਮੇਂ ਤੱਕ ਇਸਤਰੀਆਂ ਇਸ ਕਾਬਲ ਹੋ ਗਈਆਂ ਕਿ ਜੰਗ ਦੇ ਮੈਦਾਨ ਵਿੱਚ ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਜੂਝ ਸਕਣ ਅਤੇ ਜੰਗੇ ਮੈਦਾਨ ਵਿੱਚ ਵਰ੍ਹਦੀਆਂ ਗੋਲੀਆਂ ਵਿੱਚ ਵੀ ਜ਼ਖਮੀਆਂ ਦੀ ਸੰਭਾਲ ਕਰਨ ਦਾ ਹੌਸਲਾ ਕਰ ਸਕਣ। ਬਿਖੜੇ ਹਾਲਾਤ ਸਮੇਂ ਜਾਸੂਸੀ ਦਾ ਕੰਮ ਵੀ ਉਹਨਾਂ ਬਾਖੂਬੀ ਕੀਤਾ ਅਤੇ ਸਿੱਖ ਮਿਸਲਾਂ ਦੇ ਸਮੇਂ ਉਹ ਕੁਸ਼ਲ ਪ੍ਰਬੰਧਕ ਵੀ ਸਾਬਤ ਹੋਈਆਂ । ਗੱਲ ਕੀ ਕੋਈ ਵੀ ਕੰਮ ਇਸਤਰੀਆਂ ਦੇ ਕਾਰਜ ਖੇਤਰ ਤੋਂ ਬਾਹਰ ਨਹੀਂ ਰਹਿ ਗਿਆ ਸੀ ।

ਗੁਰੂ ਤੇਗ ਬਹਾਦਰ ਜੀ ਗੁਰਗੱਦੀ ਸੰਭਾਲਣ ਤੋਂ ਬਾਅਦ ਜਦੋਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਮੱਥਾ ਟੇਕਣ ਲਈ ਗਏ ਤਾਂ ਗੁਰੂ ਸਾਹਿਬ ਦੇ ਵਿਰੋਧੀਆਂ ਨੇ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਲਏ । ਇਸ ਸਮੇਂ

ਅੰਮ੍ਰਿਤਸਰ ਦੀਆਂ ਬੀਬੀਆਂ ਬਿਨਾਂ ਡਰੇ ਸਾਹਮਣੇ ਆਈਆਂ ਅਤੇ ਮਰਦਾਂ ਨੂੰ ਵੰਗਾਰਿਆ। ਗੁਰੂ ਸਾਹਿਬ ਨੇ ਉਹਨਾਂ ਨੂੰ 'ਮਾਈਆਂ ਰੱਬ ਰਜਾਈਆਂ' ਕਹਿ ਕੇ ਅਸੀਸ ਦਿੱਤੀ ।

ਵਿੱਦਿਆ ਪ੍ਰਾਪਤ ਕਰਨਾ ਗੁਰੂ ਘਰ ਦੀਆਂ ਇਸਤਰੀਆਂ ਲਈ ਇਕ ਸੁਭਾਵਕ ਹੀ ਪ੍ਰਾਪਤ ਹੋਇਆ ਅਧਿਕਾਰ ਸੀ ।ਉਹ ਸਾਰੀਆਂ ਹੀ ਬਾਣੀ ਦਾ ਰਸ ਮਾਨਣ ਅਤੇ ਸਿੱਖ ਸਿਧਾਂਤ ਦੀ ਭਰਪੂਰ ਸਮਝ ਰੱਖਣ ਵਾਲੀਆਂ ਸਨ । ਉਸ ਸਮੇਂ ਇਹ ਗੱਲ ਬੜੀ ਵਿਕੋਲਿਤਰੀ ਸਮਝੀ ਜਾਂਦੀ ਸੀ, ਕਿਉਂ ਕਿ ਸਮੇਂ ਦੇ ਰਿਵਾਜ ਮੁਤਾਬਕ ਇਸਤਰੀਆ ਨੂੰ ਵਿੱਦਿਆ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਸੀ । ਗੁਰੂ ਅੰਗਦ ਸਾਹਿਬ ਦੀ ਪੁਤਰੀ ਬੀਬੀ ਅਮਰੋ ਦਾ ਇਸ ਸਬੰਧ ਵਿੱਚ ਖਾਸ ਜਿਕਰ ਆਉਂਦਾ ਹੈ । 'ਬੰਸਾਵਲੀਨਾਮਾ' ਦੇ ਲੇਖਕ ਸ੍ਰ: ਕੇਸਰ ਸਿੰਘ ਛਿੱਬਰ ਲਿਖਦੇ ਹਨ:

*'ਬੀਬੀ ਅਮਰੋ ਜਪੁ, ਓਅੰਕਾਰ, ਸਿਧ ਗੋਸਟਿ' ਕੰਠ ਸੀ ਕੀਤੀ।ਨੇਮ ਨਾਲਿ ਨਿਤ ਪੜ੍ਹਨ ਕਰ ਪ੍ਰੀਤੀ।*[8]

ਗੁਰੂ ਹਰਿਰਾਇ ਸਾਹਿਬ ਦੀ ਪੁਤਰੀ ਬੀਬੀ ਰੂਪ ਕੌਰ ਨੇ ਆਪਣੇ ਪਿਤਾ ਦੀਆਂ ਸਾਖੀਆਂ ਆਪਣੇ ਹੱਥੀਂ ਲਿਖਤੀ ਰੂਪ ਵਿੱਚ ਲਿਆਂਦੀਆਂ ਜਿਸ ਨਾਲ ਇਹ ਆਉਣ ਵਾਲੀਆਂ ਪੁਸ਼ਤਾਂ ਲਈ ਹਮੇਸ਼ਾ ਲਈ ਸਾਂਭੀਆਂ ਗਈਆਂ । ਇਹ ਇਕ ਅਜਿਹਾ ਇਤਿਹਾਸਕ ਦਸਤਾਵੇਜ਼ ਹੈ ਜਿਹੜਾ ਅੱਜ ਵੀ ਵਿਦਵਾਨਾਂ ਲਈ ਖੋਜ ਦਾ ਸ੍ਰੋਤ ਹੈ । ਇਉਂ ਬੀਬੀ ਰੂਪ ਕੌਰ ਪਹਿਲੀ ਇਸਤਰੀ ਇਤਿਹਾਸਕਾਰ, ਐਡੀਟਰ ਅਤੇ ਲੇਖਕ ਬਣੀ ।

ਗੁਰਬਿਲਾਸ ਪਾਤਸ਼ਾਹੀ ਦਸਵੀਂ ਵਿੱਚ ਆਉਂਦਾ ਹੈ ਕਿ ਜਦੋਂ ਅਨੰਦਪੁਰ ਦਾ ਕਿਲ੍ਹਾ ਮੁਗਲਾਂ ਦੇ ਘੇਰੇ ਵਿੱਚ ਸੀ ਅਤੇ ਅੰਦਰ ਰਾਸ਼ਨਪਾਣੀ ਖਤਮ ਹੋ ਗਿਆ ਸੀ ਤਾਂ ਸਤਿਲੁਜ ਦਰਿਆ ਤੋਂ ਪਾਣੀ ਲਿਆ ਕੇ ਕਿਲ੍ਹੇ ਵਿੱਚ ਪਹੁੰਚਾਉਣ ਦੀ ਜ਼ਿੰਮੇਵਾਰੀ ਇਸਤਰੀਆਂ ਨੇ ਲਈ। ਵਰ੍ਹਦੀਆਂ ਗੋਲੀਆਂ ਵਿਚ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਇਹ ਬੀਬੀਆਂ ਸਵੱਖਤੇ ਉਠ ਦਰਿਆ ਤੋਂ ਪਾਣੀ ਭਰ ਕਿਲ੍ਹੇ ਵਿੱਚ ਪਹੁੰਚਦੀਆਂ । ਭਾਈ ਭਗਤ ਸਿੰਘ ਦੀ ਪੁਤਰੀ ਪਾਣੀ ਦੀ ਸੇਵਾ ਕਰਦਿਆਂ ਹੀ ਗੋਲੀ ਦਾ ਸ਼ਿਕਾਰ ਹੋ ਗਈ ਸੀ ।

*ਇਕ ਦਿਨ ਭਗਤ ਸਿੰਘ ਕੀ ਨਾਰੀ। ਸੁਤਾ ਸੰਗ ਲੈ ਨੀਰ ਹਿਤਾਰੀ।*
*ਮਗ ਮੋ ਜਾਤੀ ਜਲ ਕੇ ਕਾਜਾ।ਆਵਤ ਹੁਤੀ ਭਯੋ ਅਸਰਾਜਾ।*
*ਤੁਪਕ ਮੋਰਚੇ ਤੇ ਚਿਰਰਾਨੀ। ਸੁਤਾ ਮਰੀ ਲਾਗੀ ਰਿਦ ਬਾਣੀ।*
*ਥਾ ਤੇ ਰੁਦਨ ਘੋਰ ਤਿਨ ਕੀਨਾ।ਬੂਝਾ ਗੁਰ ਕਯਾ ਸੋਰਸ ਚੀਨਾ।*[9]

ਸਰ ਸਿਕੰਦਰ ਹਯਾਤ ਖਾਨ ਆਪਣੀ ਕਿਤਾਬ 'ਹਯਾਤੇ ਅਫਗਾਨੀ' ਵਿੱਚ ਲਿਖਦੇ ਹਨ ਕਿ ਕਿਵੇਂ ਇਕ ਸਿੱਖ ਇਸਤਰੀ ਨੇ ਉਸ ਤੇ ਹਮਲਾ ਕਰਨ ਵਾਲੇ ਪਠਾਣ ਤੋਂ ਨਾ ਕੇਵਲ ਆਪਣੀ ਰੱਖਿਆ ਹੀ ਕੀਤੀ ਬਲਕਿ ਉਸ ਨੂੰ ਜ਼ਿੰਦਗੀ ਭਰ ਯਾਦ ਰਹਿਣ ਵਾਲਾ ਸਬਕ ਸਿਖਾਇਆ । ਜ਼ਿਕਰ ਆਉਂਦਾ ਹੈ ਕਿ ਇਸ ਇਸਤਰੀ ਨੂੰ ਇਕੱਲਿਆਂ ਜਾਂਦੇ ਦੇਖ ਪਠਾਣ ਦਾ ਮਨ ਮੈਲਾ ਹੋ ਗਿਆ। ਜਦੋਂ ਉਹ ਮੰਦ ਭਾਵਨਾ ਨਾਲ ਉਸ ਵੱਲ ਵਧਿਆ ਤਾਂ ਇਸ ਬਹਾਦਰ ਇਸਤਰੀ ਨੇ ਇਕੱਲਿਆਂ ਹੀ ਉਸ ਨੂੰ ਵਗਾਹ ਮਾਰਿਆ ਅਤੇ ਉਸ ਦੀ ਤਲਵਾਰ ਖੋਹ ਲਈ । ਉਹ ਸਿਰ ਨੀਵਾਂ ਕਰ ਚੁਪ ਚਾਪ ਸ਼ਰਮਿੰਦਾ ਹੋ ਕੇ ਉਥੋਂ ਚਲਾ

ਗਿਆ।ਥੋੜੀ ਦੇਰ ਬਾਅਦ ਫਿਰ ਵਾਪਸ ਆਇਆ ਅਤੇ ਇਸਤਰੀ ਨੂੰ ਆਪਣੀ ਤਲਵਾਰ ਵਾਪਸ ਕਰਨ ਲਈ ਬੇਨਤੀ ਕਰਦਿਆਂ ਕਹਿਣ ਲੱਗਾ ਕਿ ਇਕ ਇਸਤਰੀ ਕੋਲੋਂ ਹਾਰ ਖਾ ਕੇ ਅਤੇ ਆਪਣੀ ਤਲਵਾਰ ਗੁਆਉਣ ਤੋਂ ਬਾਅਦ ਉਹ ਆਪਣੇ ਸਾਥੀਆਂ ਕੋਲ ਵਾਪਸ ਜਾਣ ਦੀ ਹਿੰਮਤ ਨਹੀਂ ਰਖਦਾ ਸੀ । ਇਸ ਲਈ ਜਾਂ ਤਾਂ ਉਸ ਦੀ ਤਲਵਾਰ ਵਾਪਸ ਕੀਤੀ ਜਾਏ ਜਾਂ ਇਸੇ ਤਲਵਾਰ ਨਾਲ ਉਸ ਦਾ ਸਿਰ ਕਲਮ ਕਰ ਦਿੱਤਾ ਜਾਏ । ਉਸ ਬਹਾਦਰ ਇਸਤਰੀ ਨੇ ਉਸ ਦੀ ਤਲਵਾਰ ਵਾਪਸ ਦੇਣ ਤੋਂ ਪਹਿਲਾਂ ਵਾਅਦਾ ਲਿਆ ਕਿ ਭਵਿੱਖ ਵਿਚ ਕਦੀ ਵੀ ਉਹ ਕਿਸੇ ਇਸਤਰੀ ਨਾਲ ਬਦਸਲੂਕੀ ਨਹੀਂ ਕਰੇਗਾ।[10]

ਪ੍ਰਿੰਸੀਪਲ ਤੇਜਾ ਸਿੰਘ ਇਕ ਹੋਰ ਵਾਕਿਆ ਇਸ ਤਰ੍ਹਾਂ ਬਿਆਨ ਕਰਦੇ ਹਨ: ਨੰਦੇੜ ਵਿਖੇ ਦੱਖਣ ਦੇ ਮੁਸਲਮਾਨ ਬਹੁਗਿਣਤੀ ਵਿੱਚ ਹੋਣ ਕਾਰਨ ਗੁਰਦਆਰੇ ਤੇ ਹਮਲਾ ਬੋਲ ਕੇ ਲੁੱਟਮਾਰ ਕਰਦੇ।ਇਸ ਤੋਂ ਸਿੱਖ ਬਹੁਤ ਨਿਰਾਸ ਸਨ। ਜਦੋਂ ਪੰਜਾਬ ਵਿੱਚ ਇਹ ਖਬਰ ਪਹੁੰਚੀ ਤਾਂ ਮਾਲਵੇ ਖੇਤਰ ਦੀਆਂ ਦੋ ਸੌ ਇਸਤਰੀਆਂ ਨੇ ਫੈਸਲਾ ਕੀਤਾ ਕਿ ਉਹ ਨੰਦੇੜ ਪਹੁੰਚ ਕੇ ਹਾਲਾਤ ਨਾਲ ਨਜਿੱਠਣਗੀਆਂ। ਉਹ ਇਕ ਬਟਾਲੀਅਨ ਦੀ ਸ਼ਕਲ ਵਿੱਚ ਘੋੜ ਸੁਆਰ ਹੋ ਦੱਖਣ ਵੱਲ ਚੱਲ ਪਈਆਂ । ਦੁਸ਼ਮਣ ਨਾਲ ਮੁਕਾਬਲਾ ਕਰਕੇ ਜਿੱਤ ਪ੍ਰਾਪਤ ਕੀਤੀ। ਇਸ ਹਮਲੇ ਦੌਰਾਨ ਮੁਸਲਮਾਨ ਆਪਣਾ ਨਗਾਰਾ ਅਤੇ ਝੰਡਾ ਛੱਡ ਕੇ ਭੱਜ ਗਏ।ਇਹ ਦੋਵੇਂ ਚੀਜਾਂ ਅੱਜ ਵੀ ਨੰਦੇੜ ਵਿਖੇ ਪਈਆਂ ਦੱਸੀਆਂ ਜਾਂਦੀਆਂ ਹਨ।[11]

ਇਹਨਾਂ ਇਸਤਰੀਆਂ ਦੇ ਇਹੋ ਜਿਹੇ ਬਹਾਦਰੀ ਦੇ ਕਾਰਨਾਮੇ ਕਰ ਸਕਣ ਦਾ ਰਾਜ਼ ਸਿੱਖ ਵੀਚਾਰਧਾਰਾ ਵਿੱਚ ਹੈ ਜਿਸ ਅਨੁਸਾਰ ਇਸਤਰੀਆਂ ਨੂੰ ਹਰ ਤਰ੍ਹਾਂ ਨਾਲ ਉੱਤਮ ਦਰਜਾ ਦਿੱਤਾ ਗਿਆ ਹੈ। ਸਿੱਖ ਮਰਦਾਂ ਨੂੰ ਹੁਕਮ ਸੀ ਕਿ ਇਸਤਰੀਆਂ ਨਾਲ ਹਰ ਤਰ੍ਹਾਂ ਨਾਲ ਸਤਿਕਾਰ ਭਰਪੂਰ ਵਿਵਹਾਰ ਕੀਤਾ ਜਾਏ। ਇੱਥੋਂ ਤੱਕ ਦੁਸ਼ਮਣ ਦੀਆਂ ਇਸਤਰੀਆਂ ਨਾਲ ਵੀ ਬਦਸਲੂਕੀ ਕਰਨ ਦੀ ਸਖਤ ਮਨਾਹੀ ਸੀ ।

ਇਤਿਹਾਸਕ ਸਮੇਂ ਦੇ ਆਰੰਭ ਤੋਂ ਹੀ ਸੰਸਾਰ ਭਰ ਦੇ ਦੇਸ਼ ਆਪਸੀ ਲੜਾਈਆਂ ਲੜਦੇ ਰਹੇ ਹਨ ਅਤੇ ਇਹਨਾਂ ਲੜਾਈਆਂ ਵਿਚ ਮਰਦਾਂ ਦੇ ਹਉਮੈ ਭਰੇ ਵਤੀਰੇ ਦਾ ਸਭ ਤੋਂ ਵੱਧ ਸ਼ਿਕਾਰ ਇਸਤਰੀਆਂ ਹੁੰਦੀਆਂ ਰਹੀਆਂ। ਦੁਸ਼ਮਣ ਨੂੰ ਨੀਵਾਂ ਵਿਖਾਉਣ ਲਈ ਉਸ ਦੀ ਇਸਤਰੀ ਨਾਲ ਬਦਸਲੂਕੀ ਕਰਨਾ ਉਚਿਤ ਸਮਝਿਆ ਜਾਂਦਾ ਰਿਹਾ ਹੈ । ਧਰਮ ਦੇ ਨਾਮ ਤੇ ਲੜੀਆਂ ਲੜਾਈਆਂ ਵਿਚ ਵੀ ਇਸਤਰੀ ਪ੍ਰਤੀ ਇਹ ਹੀ ਵਤੀਰਾ ਰਿਹਾ। ਪਹਿਲੇ ਤੇ ਦੂਜੇ ਸੰਸਾਰ ਯੁੱਧ ਵਿਚ ਵੀ ਅਜਿਹਾ ਹੀ ਵਾਪਰਿਆ। ਰਾਜਪੂਤ ਇਸਤਰੀਆਂ ਦੇ ਸਮੂਹਿਕ ਸਤੀ (ਜੌਹਰ) ਪਿੱਛੇ ਵੀ ਕਾਰਨ ਇਸਤਰੀਆਂ ਨਾਲ ਸੰਭਾਵੀ ਬਦਸਲੂਕੀ ਹੀ ਸੀ । ਅੱਜ ਦੇ ਯੁੱਗ ਵਿਚ ਅੰਤਰਰਾਸ਼ਟਰੀ ਕਾਨੂੰਨ, ਇਸ ਬਦਸਲੂਕੀ ਨੂੰ ਸਖਤੀ ਨਾਲ ਮਨ੍ਹਾ ਕਰਦਾ ਹੈ।ਪਰ ਇਹ ਸਖਤ ਕਾਨੂੰਨ ਵੀ ਮਰਦਾਂ ਦੇ ਇਸ ਵਰਤਾਰੇ ਵਿੱਚ ਕੋਈ ਤਬਦੀਲੀ ਨਹੀਂ ਲਿਆ ਸਕਿਆ।[12]
ਵੀਹਵੀਂ ਸਦੀ ਵਿਚ ਇਸਤਰੀਆਂ ਦੇ ਹੱਕ ਵਿੱਚ ਚਲੀ ਜ਼ੋਰਦਾਰ ਲਹਿਰ ਵੀ ਮਰਦ ਦੀ ਇਸ ਮਾਨਸਿਕਤਾ ਵਿਚ ਕੋਈ ਵੀ ਤਬਦੀਲੀ ਲਿਆਉਣ ਵਿਚ ਅਸਫਲ ਰਹੀ ਹੈ। ਅੱਜ ਦੇ ਸਮਾਜਕ ਹਾਲਾਤ, ਅਖਬਾਰਾਂ ਤੇ ਟੀ ਵੀ ਚੈਨਲਾਂ ਵਿੱਚ ਇਸ ਸਬੰਧੀ ਪ੍ਰਸਾਰਤ ਹੁੰਦੀਆਂ ਅਨੇਕਾਂ ਖਬਰਾਂ ਇਸ ਗੱਲ ਦਾ ਸਬੂਤ ਹਨ ।

ਸਾਰੇ ਸੰਸਾਰ ਵਿਚ ਅਜਿਹੇ ਵਰਤਾਰੇ ਦੇ ਹੁੰਦਿਆਂ ਸਿੱਖ ਇਤਿਹਾਸ ਇਕੋ ਇਕ ਵਿਕੋਲਿਤਰੀ ਮਿਸਾਲ ਹੈ ਜਿੱਥੇ ਜੰਗ ਦੇ ਸਮਿਆਂ ਵਿੱਚ ਵੀ ਦੁਸ਼ਮਣ ਦੀ ਕਿਸੇ ਇਸਤਰੀ ਨਾਲ ਬਦਸਲੂਕੀ ਦੀ ਕੋਈ ਘਟਨਾ ਇਤਿਹਾਸ ਵਿੱਚ ਨਹੀਂ ਮਿਲਦੀ ।ਗੁਰੂ ਸਾਹਿਬ ਨੇ ਸਿੱਖਾਂ ਨੂੰ ਸਪਸ਼ਟ ਕਰ ਦਿੱਤਾ ਸੀ ਕਿ ਉਹ ਸਮਾਜ ਨੂੰ ਉੱਚਾ ਚੁੱਕਣਾ ਚਾਹੁੰਦੇ ਹਨ ਅਤੇ ਜਦੋਂ ਤੱਕ ਇਸਤਰੀ ਦਾ ਸਤਿਕਾਰ ਉਹਨਾਂ ਦੇ ਕਿਰਦਾਰ ਦਾ ਜਰੂਰੀ ਹਿੱਸਾ ਨਹੀਂ ਬਣ ਜਾਂਦਾ, ਇਸ ਆਦਰਸ਼ ਦੀ ਪ੍ਰਾਪਤੀ ਸੰਭਵ ਨਹੀਂ ਸੀ । ਸੂਰਜ ਪ੍ਰਕਾਸ਼ ਦੇ ਕਰਤਾ ਲਿਖਦੇ ਹਨ ਕਿ ਇਕ ਵਾਰੀ ਸਿੱਖਾਂ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਤੁਰਕ ਹਿੰਦੂਆਂ ਦੀਆਂ ਇਸਤਰੀਆਂ ਨਾਲ ਦੁਰਵਿਵਹਾਰ ਕਰਦੇ ਹਨ ਤਾਂ ਉਹ ਵੀ ਕਿਉਂ ਨਾ ਬਦਲਾ ਲੈਣ । ਗੁਰੂ ਸਾਹਿਬ ਨੇ ਅਜਿਹਾ ਕਰਨ ਤੋਂ ਸਖਤੀ ਨਾਲ ਮਨਾਹੀ ਕਰਦਿਆਂ ਕਿਹਾ ਕਿ ਉਹ ਉੱਚ ਆਚਰਣ ਦੇ ਧਾਰਨੀ ਹੋਣੇ ਚਾਹੀਦੇ ਹਨ ਤਾਂ ਹੀ ਕੌਮ ਚੜ੍ਹਦੀ ਕਲਾ ਵਿੱਚ ਜਾ ਸਕੇਗੀ:

*ਪੁਨ ਸਿੰਘਨ ਬੂਝੈ ਗੁਨ ਖਾਨੀ।ਬਿੰਦ੍ਰ ਤੁਰਕ ਭੋਗੈਂ ਹਿੰਦਵਾਨੀ।*
*ਸਿਖ ਬਦਲਾ ਲੇ ਭਲਾ ਜਨਾਏ।ਕਯੋਂ ਗੁਰ ਸ਼ਾਸਤ੍ਰ ਬਰਜ ਹਟਾਏ?*
*ਸੁਨਿ ਸਤਿਗੁਰ ਬੋਲੇ ਤਿਸ ਬੇਰੇ।ਹਮ ਲੇ ਜਾਨੋਂ ਪੰਥ ਉਚੇਰੇ।*
*ਨਹੀਂ ਅਧੋਗਤ ਬਿਖੈ ਪੁਚਾਵੈਂ।ਯਾ ਤੇ ਕਲਮਲ ਕਰਨ ਹਟਾਵੈਂ।*[13]

ਰਹਿਤਨਾਮਿਆਂ ਵਿਚ ਵੀ ਇਸਤਰੀ ਦੇ ਸਤਿਕਾਰ ਸਬੰਧੀ ਅਨੇਕਾਂ ਹਵਾਲੇ ਮਿਲਦੇ ਹਨ:

*ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਬਖਾਨੈ।*
*ਆਪਨਿ ਇਸਤ੍ਰੀ ਸੋਂ ਰਤਿ ਹੋਈ।ਰਹਤਵੰਤ ਸਿੰਘ ਹੈ ਸੋਈ।*[14]

ਭਾਈ ਗੁਰਦਾਸ ਉਸ ਮਨੁਖ ਦੇ ਵਾਰੇ ਜਾਂਦੇ ਹਨ ਜੋ ਪਰਇਸਤਰੀ ਸੰਗ ਨਹੀਂ ਕਰਦਾ:

*ਹਉ ਤਿਸ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।*[15]

ਗੁਰੂ ਗੋਬਿੰਦ ਸਿੰਘ ਦੇ ੫੦ ਹੁਕਮਨਾਮਿਆਂ ਵਿੱਚੋਂ ਦੋ ਹੁਕਮਨਾਮੇ ਇਸਤਰੀ ਦੇ ਸਤਿਕਾਰ ਸਬੰਧੀ ਮਿਲਦੇ ਹਨ:

*ਪਰ ਤ੍ਰਿਅ ਹੇਤ ਨ ਰਖੈ ਅਨੰਦ।*

*ਅਤੇ:*

*ਇਸਤਰੀ ਦਾ ਮੂੰਹ ਨਹੀਂ ਫਿਟਕਾਰਨਾ।*

ਭਾਈ ਨੰਦ ਲਾਲ ਜੀ ਵੀ ਇਸੇ ਗੱਲ ਦੀ ਪ੍ਰੋੜਤਾ ਕਰਦੇ ਹਨ –

*ਵਾਹਿਗੁਰੂ ਬਿਨ ਕਹੈ ਜੁ ਪਾਵਹਿ।ਵੇਸਵਾ ਦੁਆਰੇ ਸਿਖ ਜੋ ਜਾਵਹਿ।*
*ਪਰ ਇਸਤ੍ਰੀ ਸਿਉ ਨੇਹੁ ਲਗਾਵਹਿ।ਗੋਬਿੰਦ ਸਿੰਘ ਵਹੁ ਸਿਖ ਨ ਭਾਵਹਿ।*[16]

ਗੁਰੂ ਗ੍ਰੰਥ ਸਾਹਿਬ ਵਿੱਚ ਪਰ ਇਸਤਰੀ ਵੱਲ ਮੈਲੀ ਨਜ਼ਰ ਰੱਖਣ ਵਾਲਿਆਂ ਨੂੰ ਕਿਵੇਂ ਤਿਰਸਕਾਰਿਆ ਗਿਆ ਹੈ ਹੇਠਲੀਆਂ ਤੁਕਾਂ ਤੋਂ ਸਪਸ਼ਟ ਹੈ:

*ਘਰ ਕੀ ਨਾਰਿ ਤਿਆਗੈ ਅੰਧਾ॥ ਪਰ ਨਾਰੀ ਸਿਉਂ ਘਾਲੈ ਧੰਧਾ॥......*

*ਪਾਪੀ ਕਾ ਘਰ ਅਗਨੈ ਮਾਹਿ॥ ਜਲਤ ਰਹੈ ਮਿਟਵੈ ਕਬ ਨਾਹਿ॥*[17]

ਅਤੇ

*ਕਿਆ ਗਾਲਾਇਓ ਭੂਛ, ਪਰ ਵੇਲਿ ਨ ਜੋਹੈ ਕੰਤ ਤੂ॥*

*ਨਾਨਕ ਫੁਲਾ ਸੰਦੀ ਵਾੜਿ, ਖਿੜਿਆ ਹਭੁ ਸੰਸਾਰੁ ਜਿਉ॥*[18]

ਸਿੱਖਾਂ ਨੇ ਇਹਨਾਂ ਸਾਰੇ ਹੁਕਮਨਾਮਿਆਂ ਤੇ ਸਖਤੀ ਨਾਲ ਪਹਿਰਾ ਦਿੱਤਾ। ਗੁਰਪ੍ਰਤਾਪ ਸੂਰਜ ਗ੍ਰੰਥ ਦੇ ਅਧਿਆਇ ੧੫ ਵਿੱਚ ਆਉਂਦਾ ਹੈ : "ਇਕ ਵਾਰੀ ਲੜਾਈ ਵਿਚ ਇਕ ਅਮੀਰ ਮੁਸਲਮਾਨ ਇਸਤਰੀ ਪਾਲਕੀ ਵਿਚ ਬੈਠੀ ਸਿੰਘਾਂ ਦੇ ਇਕ ਜੱਥੇ ਦੇ ਹੱਥ ਆ ਗਈ।ਸਿੰਘਾਂ ਨੇ ਉਸ ਨੂੰ ਜਥੇਦਾਰ ਦੇ ਹਵਾਲੇ ਕਰ ਦਿੱਤਾ। ਪਰ ਪਾਲਕੀ ਦਾ ਕਪੜਾ ਨਾ ਚੁਕਿਆ ਅਤੇ ਨਾ ਹੀ ਦੇਖਿਆ ਕਿ ਇਸਤਰੀ ਕੌਣ ਹੈ ਤੇ ਕਿਸ ਤਰ੍ਹਾਂ ਦੀ ਹੈ।ਜਥੇਦਾਰ ਨੇ ਪਾਲਕੀ ਨੂੰ ਅਨੰਦਪੁਰ ਲੈ ਆਂਦਾ ਅਤੇ ਸਤਿਗੁਰੂ ਜੀ ਦੇ ਅਗੇ ਪੇਸ਼ ਕੀਤਾ।ਜਦ ਪਾਲਕੀ ਸਾਹਿਬਾਂ ਕੋਲ ਪੁਜੀ ਤਾਂ ਸਾਹਿਬਾਂ ਪੁਛਿਆ, 'ਇਸ ਵਿਚ ਕੌਣ ਹੈ?' 'ਇਕ ਮੁਸਲਮਾਨ ਇਸਤ੍ਰੀ' ਜਥੇਦਾਰ ਨੇ ਉਤੱਰ ਦਿੱਤਾ।'ਕਿਸ ਦੀ ਹੈ?'ਸਤਿਗੁਰਾਂ ਪੁਛਿਆ। ਜਥੇਦਾਰ ਨਿਮਰਤਾ ਸਹਿਤ ਬੋਲਿਆ, 'ਇਹ ਤਾਂ ਪਤਾ ਨਹੀਂ ਕਿਸ ਦੀ ਹੈ।ਕਿਉਂ ਕਿ ਨਾ ਤਾਂ ਅਸੀਂ ਪਾਲਕੀ ਦਾ ਕਪੜਾ ਚੁਕਿਆ ਅਤੇ ਨਾ ਦੇਖਿਆ ਕਿ ਕੌਣ ਹੈ, ਕੈਸੀ ਹੈ ਅਤੇ ਨਾ ਹੀ ਕਿਸੇ ਨੇ ਜ਼ਬਾਨ ਸਾਂਝੀ ਕੀਤੀ ਹੈ। ਸਤਿਗੁਰੂ ਜੀ ਪ੍ਰਸੰਨ ਹੋ ਕੇ ਬੋਲੇ, 'ਤੁਸਾਂ ਬਹੁਤ ਚੰਗਾ ਕੀਤਾ ਹੈ। ਮੇਰੇ ਸਾਰੇ ਸਿਖਾਂ ਨੂੰ ਇਸ ਤਰ੍ਹਾਂ ਹੀ ਕਰਨਾ ਚਾਹੀਦਾ ਹੈ।ਕੋਈ ਇਸਤਰੀ ਭਾਵੇਂ ਰਾਹ ਜਾਂਦਿਆਂ ਜਾਂ ਲੜਾਈ ਵਿਚ ਮਿਲ ਜਾਵੇ ਉਸ ਨੂੰ ਭੈਣ ਤੇ ਬੇਟੀ ਸਮਝੋ। ਹੁਣ ਇਸ ਦਾ ਘਰ ਘਾਟ ਪੁਛੋ ਤੇ ਵਾਪਸ ਭੇਜੋ।ਇਹ ਗੱਲ ਸੁਣ ਕੇ ਉਸ ਪਰਦੇ ਵਿਚ ਬੈਠੀ ਦੇ ਹਿਰਦੇ ਨੇ ਉਛਾਲਾ ਖਾਧਾ, ਪਾਲਕੀ ਦਾ ਪਰਦਾ ਚੁੱਕ, ਸਿਖਾਂ ਦੀ ਸਿਫਤ ਕੀਤੀ ਤੇ ਦਸਿਆ, "ਮੈਂ ਨਵਾਬ ਖਿਜਰ ਅਲੀ ਦੀ ਧੀ ਹਾਂ ਰਹੀਮਪੁਰੀਏ ਨਵਾਬ ਦੀ ਵਹੁਟੀ ਹਾਂ।" ਉਸ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸਤਰੀ ਜਾਤੀ ਦਾ ਸਨਮਾਨ ਚੰਗੇ ਇਖਲਾਕ ਨੂੰ ਜਨਮ ਦੇਂਦਾ ਹੈ ਤੇ ਚੰਗਾ ਇਖਲਾਕ ਕੌਮ ਦੀ ਉੱਚੀ ਉਡਾਰੀ ਲਈ ਖੰਭ ਹੁੰਦੇ ਹਨ।ਗੁਰੁ ਸਾਹਿਬਾਂ ਦੀ ਬਖਸ਼ਿਸ਼ ਸਦਕਾ ਇਹ ਖੰਭ ਬੜੇ ਮਜ਼ਬੂਤ ਹੋਏ ਹਨ"।[19]

ਕੇਸਰ ਸਿੰਘ ਛਿਬਰ 'ਬੰਸਾਵਲੀਨਾਮੇ' ਇਕ ਵਾਕਿਆ ਲਿਖਦੇ ਹਨ ਕਿ ਕਿਵੇ ਇਕ ਸਿੱਖ ਇਕ ਵੇਸਵਾ ਵਲੋਂ ਗੁਰੂ ਦਾ ਹੁਕਮ ਯਾਦ ਕਰਵਾਉਣ ਤੇ ਇਖਲਾਕੀ ਗਿਰਾਵਟ ਤੋਂ ਬਚ ਗਿਆ:

*ਇਕ ਸਿਖ ਆਹਾ ਮਸੰਦ ਧਨਵਾਨ। ਤਿਨ ਧਨ ਖਰਚ ਕੀਆ ਇਹ ਕਾਮ ਅਜਾਨ।੨੦੫॥*

*ਧਨ ਖਰਚ ਦੂਰ ਤੇ ਗਨਕਾ ਮੰਗਵਾਈ। ਸੋ ਤਿਨ ਬਹੁਤਾ ਧਨ ਲੀਆ ਤਬ ਵੇਸਵਾ ਆਈ।*

*ਜਬ ਰੈਨ ਕੇ ਦੋਨੋ ਭਏ ਇਕਤ। ਤਬ ਗਨਕਾ ਹਾਸੀ ਕਰ ਕਹਿਆ: 'ਏਹ ਨਹੀਂ ਸਿਖਾਂ ਦੀ ਮਤਿ।੨੦੬॥*

*ਤਤ ਕਾਲ ਸੁਨਿ ਸਿਖ ਵੇਸਵਾ ਤਜਿ ਦੀਨੀ। ਗਨਕਾ ਅਦਾਇ ਕਰਿ ਹਾਸੀ ਸੀ ਕੀਨੀ।*

*ਪਰ ਸਿਖ ਹਿਰਦੇ ਸਾਚੀ ਗਹਿ ਲੀਨੀ। ਤਬ ਸਿਖ ਜਾਨਾ: ਜੋ ਸੰਗ ਇਸ ਦੇ ਮੇਰੀ ਸਿਖੀ ਜਾਨੀ।੨੦੭॥*

*ਤਬ ਗਨਕਾ ਅਨੇਕ ਜਤਨ ਕਰਿ ਹਾਰੀ।ਜੈਸੇ ਕੋਈ ਵਿਹੁ ਮੁਖ ਤੇ ਨਿਕਾਰ ਡਾਰੀ।*

*ਮਿਠਿਆਈ ਕਰਕੇ ਲਾਗੋ ਖਾਨ।ਕੋਈ ਕਹੈ: "ਇਸ ਮੈ ਬਿਖ ਪਈ ਹੈ ਜਾਨ।" ੨੦੮॥*

*ਤਬ ਵਹੁ ਅਨੇਕ ਜਤਨ ਕਰੇ ਵਹੁ ਨਹੀਂ ਖਾਤਾ। ਤੈਸੇ ਸਿਖ ਨੇ ਜਾਤਾ: ਇਸ ਕਾ ਸੰਗ ਮੇਰੀ ਸਿਖੀ ਹੈ ਗਵਾਤਾ।*

*ਤਿਨ ਸਿਖ ਸਿੱਖੀ ਰਖੀ ਵੇਸਵਾ ਤਜਿ ਦੀਨੀ। ਧਨ ਗਏ ਦੀ ਚਿੰਦਾ ਰੰਚ ਨ ਕੀਨੀ।੨੦੯॥*[20]

ਕਾਜ਼ੀ ਨੂਰ ਮੁਹੰਮਦ ਸਿੱਖਾਂ ਨੂੰ ਅਤਿ ਦੀ ਘ੍ਰਿਣਾ ਕਰਦਾ ਸੀ ਅਤੇ ਉਸ ਨੇ ਆਪਣੀ ਲਿਖਤ 'ਜੰਗਨਾਮਾ' ਵਿੱਚ ਸਿੱਖਾਂ ਲਈ ਅਤਿ ਘਿਰਣਤ ਸ਼ਬਦ ਵਰਤੇ ਹਨ । ਉਹ ਵੀ ਸਿੱਖਾਂ ਦੇ ਉਚ ਆਚਾਰ ਦੀ ਪ੍ਰਸੰਸਾ ਕੀਤੇ ਬਿਨਾਂ ਨਹੀਂ ਰਹਿ ਸਕਿਆ । ਉਹ ਲਿਖਦਾ ਹੈ : ਇਹ ਸਗ(ਕੁੱਤੇ) ਕਿਸੇ ਨਮਰਦ ਨੂੰ ਨਹੀਂ ਮਾਰਦੇ, ਨਾ ਹੀ ਨੱਸੇ ਜਾਂਦੇ ਨੂੰ ਵੱਲਦੇ ਹਨ।ਇਹ ਕਿਸੇ ਤਰੀਮਤ ਦਾ ਗਹਿਣਾ ਜਾਂ ਰੁਪਿਆ ਨਹੀਂ ਲੁਟਦੇ ਭਾਵੇਂ ਉਹ ਗੋਲੀ ਹੋਵੇ ਜਾਂ ਬਾਂਦੀ। ਇਹਨਾਂ ਵਿਚ ਵਿਭਚਾਰ ਵੀ ਨਹੀਂ। ਨਾ ਹੀ ਇਹ ਚੋਰੀ ਕਰਦੇ ਹਨ ਅਤੇ ਨਾ ਹੀ ਚੋਰ ਜਾਂ ਸੰਨ੍ਹ ਮਾਰਨ ਵਾਲੇ ਨੂੰ ਮਿੱਤਰ ਬਣਾਉਂਦੇ ਹਨ।

ਇਸ ਵਿੱਚ ਕੋਈ ਸ਼ੱਕ ਵਾਲੀ ਗੱਲ ਨਹੀਂ ਕਿ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਅਮਲੀ ਜੀਵਨ ਵਿੱਚ ਇਸਤਰੀਆਂ ਨੂੰ ਯੋਗ ਸਤਿਕਾਰ ਦਿੱਤਾ ਅਤੇ ਇਹ ਯਕੀਨੀ ਬਣਾਇਆ ਕਿ ਸਿੱਖ ਵੀ ਇਸ ਰਸਤੇ ਤੋਂ ਨਾ ਥਿੜਕਣ । ਇਸਤਰੀਆਂ ਨੂੰ ਹਰ ਖੇਤਰ ਵਿੱਚ ਮਰਦਾਂ ਦੇ ਬਰਾਬਰ ਦਾ ਦਰਜਾ ਦਿੱਤਾ । ਸਿੱਖ ਇਤਿਹਾਸ ਇਸ ਗਲ ਦੀ ਗੁਆਹੀ ਭਰਦਾ ਹੈ । ਅਠ੍ਹਾਰਵੀਂ ਸਦੀ ਦੇ ਬਿਖੜੇ ਹਾਲਾਤ ਨੂੰ ਚਿਤਰਦਾ, ਭਾਈ ਵੀਰ ਸਿੰਘ ਰਚਿਤ ਨਾਵਲ 'ਸੁੰਦਰੀ' ਦੀ ਮੁੱਖ ਪਾਤਰ ਜਿਸ ਬਹਾਦਰੀ ਅਤੇ ਦ੍ਰਿੜਤਾ ਨਾਲ ਔਖੀਆਂ ਘਾਟੀਆਂ ਵਿਚੋਂ ਲੰਘਦੀ ਹੈ, ਉਸ ਤੋਂ ਉਸ ਸਮੇਂ ਦੀਆਂ ਇਸਤਰੀਆਂ ਦੇ ਚਰਿਤਰ ਦਾ ਪਤਾ ਲਗਦਾ ਹੈ। ਬਹਾਦਰ ਤੇ ਸਵੈਵਿਸ਼ਵਾਸ਼ੀ ਸੁੰਦਰੀ ਜੰਗਲਾਂ ਬੇਲਿਆਂ ਵਿੱਚ ਇਕੱਲੀ ਘੁੰਮਦੀ ਹੈ। ਹਥਿਆਰ ਚਲਾਉਣ ਵਿੱਚ ਮਾਹਰ ਹੈ । ਅਤਿ ਦੀ ਦਇਆਵਾਨ ਅਤੇ ਕੁਰਬਾਨੀ ਦੇ ਜਜ਼ਬੇ ਨਾਲ ਭਰਪੂਰ ਹੈ, ਪਰ ਸਮਾਂ ਪੈਣ ਤੇ ਸ਼ੀਹਣੀ ਦਾ ਰੂਪ ਧਾਰ ਆਪਣੇ ਆਪ ਨੂੰ ਦੁਸ਼ਮਣ ਦੇ ਵਾਰ ਤੋਂ ਬਚਾਉਂਦੀ ਹੈ । ਆਪਣੇ ਅੰਤਲੇ ਸਮੇਂ ਸਾਥੀ ਮਰਦਾਂ ਨੂੰ ਸੰਬੋਧਨ ਕਰਦੀ ਹੋਈ ਨਾਰੀ ਮੁਕਤੀ ਲਹਿਰ ਦੀ ਮੁਦਈ ਬਣੀ ਨਜ਼ਰ ਆਉਂਦੀ ਹੈ: "ਮੇਰੀ ਪ੍ਰਾਰਥਨਾ ਹੈ ਤੁਸੀਂ ਅਪਣੀਆਂ ਇਸਤਰੀਆਂ ਨੂੰ ਸਾਥੀ ਜਾਣਿਓ ਤੇ ਨੀਚ ਨਾ ਬਣਾਇਓ।ਜਦ ਉਹਨਾਂ ਨੂੰ ਨੀਚ ਜਾਣੋਗੇ, ਉਹਨਾਂ ਪਰ ਬੇਤਰਸ ਕਰੜਾਈ ਕਰੋਗੇ, ਅਰ ਜਦ ਪਰ ਨਾਰੀ ਨੂੰ ਮੰਦ ਦ੍ਰਿਸ਼ਟੀ ਨਾਲ ਦੇਖੋਗੇ, ਤਦ ਹੀ ਆਪਣੇ ਤੇਜ ਪ੍ਰਤਾਪ ਦਾ ਗਿਰਾਓ ਜਾਣਿਓ।ਸ਼ਾਸਤ੍ਰਾਂ ਵਿਚ ਇਸਤਰੀ ਸ਼ੂਦਰ ਲਿਖੀ ਹੈ।ਸਾਡੇ ਦਸਾਂ ਹੀ ਗੁਰਾਂ ਨੇ ਸਲਾਹੀ ਹੈ। ਸ੍ਰੀ ਗੁਰੁ ਗ੍ਰੰਥ ਸਾਹਿਬ ਵਿਚ ਉਪਮਾ ਲਿਖੀ ਹੈ ਤੇ ਨਾਮ ਬਾਣੀ ਦਾ ਅਧਿਕਾਰ ਇਸਤ੍ਰੀ ਨੂੰ ਪੂਰਾ ਦਿੱਤਾ ਹੈ।ਤਿਵੇਂ ਦਸਵੇਂ ਗੁਰੁ ਜੀ ਨੇ ਭੀ ਅੰਮ੍ਰਿਤ ਮਾਈਆਂ ਨੂੰ ਬਖਸ਼ਿਆ ਹੈ ਤੇ ਮਾਤਾ ਸਾਹਿਬ ਜੀ ਦੇ ਪਵਿੱਤ੍ਰ ਹੱਥਾਂ ਨੇ ਅੰਮ੍ਰਿਤ ਵਿਚ ਪਤਾਸੇ ਪਾਏ ਹਨ, ਅਰ ਹੁਣ ਥੀਕ ਤੁਸਾਂ ਅਸਾਂ ਤੇ ਦਇਆ ਕਰਦੇ ਹੋ, ਜਾਨਾਂ ਹੂਲ ਕੇ ਰਾਖੀਆਂ ਕਰਦੇ ਹੋ ਅਤੇ ਸਤਿਕਾਰ ਦੇਂਦੇ ਹੋ, ਤਦੇ ਹੀ ਅਸੀਂ ਐਸੇ ਅਪਦਾ ਕਾਲ ਵਿਚ ਅਰ ਵੈਰੀਆਂ ਦੇ ਸਮੁੰਦਰ ਵਿਚ ਘਿਰੇ ਹੋਏ ਵੀ ਸਹੀ ਸਲਾਮਤ ਗਜ ਰਹੇ ਹਾਂ।" ਫਿਰ ਭੈਣਾਂ ਨੂੰ ਸੰਬੋਧਿਤ ਹੁੰਦੀ ਹੈ, "ਬਸ ਤੁਸਾਂ ਗੁਰੁ ਗੋਬਿੰਦ ਸਿੰਘ ਜੀ ਤੋਂ ਮੂੰਹ ਮੋੜ ਕੇ ਜਦੋਂ ਹੋਰ ਪੂਜਾ ਤੇ ਨੇਮ ਧਾਰੇ, ਤਦੋਂ ਹੀ ਸ਼ੂਦਰਾਂ

ਵਾਂਗ ਹੋ ਜਾਉਗੀਆਂ।ਤੁਹਾਡੀ ਸੰਤਾਨ ਭੀ ਗਿਦੜ ਹੋ ਜਾਵੇਗੀ, ਦੁਰਕਾਰ ਤੁਹਾਡੇ ਹਿੱਸੇ ਆਵੇਗੀ ਅਰ ਸਤਿਕਾਰ ਉੱਡ ਜਾਏਗਾ। ਮਾਯਾ ਦੇ ਚਮਤਕਾਰਾਂ ਵਿਚ ਨਾ ਫਸਣਾ ਇਹ ਥੋੜੇ ਦਿਨਾਂ ਦੇ ਹਨ।ਸਦਾ ਰਹਿਣ ਵਾਲੇ ਆਪਣੇ ਆਤਮਾ ਦੀ ਭਲਿਆਈ ਵਲ ਵਧੇਰੇ ਖਿਆਲ ਰੱਖਣਾ।"

ਪੁਰਾਤਨ ਸਿੱਖ ਸਾਹਿਤ ਵੀ ਸਿੱਖ ਸਮਾਜ ਵਿੱਚ ਇਸਤਰੀ ਦੇ ਬਰਾਬਰ ਦਰਜੇ ਦੀ ਹਾਮੀ ਭਰਦਾ ਹੈ। ਰਹਿਤਨਾਮਾ ਭਾਈ ਚੌਪਾ ਸਿੰਘ ਅਨੁਸਾਰ: ਜੋ ਸਿਖ ਸਿਖਣੀ ਨੂੰ ਖੰਡੇ ਦੀ ਪਾਹੁਲ ਨਾ ਦੇਵੇ, ਸੋ ਤਨਖਾਹੀਆ।ਸਰੂਪ ਸਿੰਘ ਕੋਸ਼ਿਸ਼ ਆਪਣੀ ਪੁਸਤਕ 'ਆਦਿ ਸਾਖੀਆਂ' ਵਿੱਚ ਇਕ ਵਾਕਿਆ ਬਿਆਨ ਕਰਦਿਆਂ ਦਸਦੇ ਹਨ ਕਿ ਗੁਰੂ ਸਾਹਿਬ ਨੇ ਇਸਤਰੀਆਂ ਨੂੰ ਅੰਮ੍ਰਿਤ ਦੀਆਂ ਬਰਾਬਰ ਅਧਿਕਾਰੀ ਬਣਾਇਆ ਸੀ । *ਭਾਈ ਆਲਮ ਸਿੰਘ ਨੇ ਸਤਿਗੁਰਾਂ ਬਚਨ ਕੀਆ, ਮਹਾਰਾਜ! ਤੁਸਾਂ ਏਕ ਦਿਨ ਕਹਾ ਥਾ ਕਿ ਖਾਲਸਾ ਆਗੇ ਸੇ ਅਪਨੇ ਬਚੇ ਬਚੀਆਂ ਕੋ ਖਾਂਡੇ ਕੀ ਪਾਹੁਲ ਦੀਆ ਕਰੇਗਾ। ਉਹ ਕੈਸੇ ਤੇ ਕਿਸ ਤਰ੍ਹਾਂ ਇਹ ਮੇਰੇ ਮਨ ਦਾ ਭਰਮ ਨਵਿਰਤ ਕਰੀਏ। ਸਤਿਗੁਰਾਂ ਕਿਹਾ ਠੀਕ ਤੁਸਾਂ ਯਥਾਰਥ ਪੂਛਾ ਹੈ।ਆਲਮ ਸਿੰਘਾ ਜਬ ਸਿਖ ਕੇ ਗ੍ਰਹਿ ਮੇਂ ਬਚਾ ਬਚੀ ਦਸ ਦਿਹੁੰ ਕਾ ਹੋਇ ਜਾਇ ਤਾ ਸਿਖ ਧਰਮਸਾਲਾ ਮੇਂ ਜਾਇ।......ਉਪਰੰਤ ਗੁਰੁ ਕਾ ਸਿੱਖ ਤਿਆਰ ਹੋਈ ਪਾਹੁਲ ਕੇ ਪਾਂਚ ਤੁਬਕੇ ਬੱਚੇ ਬੱਚੀ ਕੇ ਮੁਖ ਮੇਂ ਪਾਇ ਪਾਂਚ ਵਾਰੀ ਮੁਖ ਥੀਂ ਫਤੇ ਗਜਾਇ।ਆਗੇ ਸੇ ਫਤੇ ਕਾ ਉੱਤਰ ਫਤੇ ਮੇਂ ਬੱਚੇ ਬੱਚੀ ਕੀ ਮਾਤਾ ਦੇਵੇ।*

ਲੜਕੇ ਅਤੇ ਲੜਕੀਆਂ ਦੋਹਾਂ ਨੂੰ ਅੰਮ੍ਰਿਤ ਛਕਾਉਣ ਦਾ ਹੁਕਮ ਦੇਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਸਿੱਖ ਪਰੰਪਰਾ ਵਿੱਚ ਇਸਤਰੀ ਤੇ ਮਰਦ ਦੇ ਧਾਰਮਿਕ ਅਧਿਕਾਰ ਬਰਾਬਰ ਹਨ। ਸਿਰਫ ਅੰਮ੍ਰਿਤ ਛਕਣ ਦਾ ਹੀ ਨਹੀਂ ਸਗੋਂ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਦਾ ਵੀ ਉਤਨਾ ਹੀ ਹੱਕ ਹੈ, ਜਿਤਨਾ ਮਰਦਾਂ ਨੂੰ ।(Shiromini Gurudwara Parbandhak Committee, *Sikh Rehat Maryada*, p. 27.) ਅਧਿਆਤਮਕਤਾ ਦੀ ਉੱਚੀ ਟੀਸੀ ਤੇ ਪਹੁੰਚੀਆਂ ਇਸਤਰੀਆਂ ਨੂੰ ਪੰਜ ਪਿਆਰਿਆਂ ਵਿੱਚ ਸ਼ਾਮਲ ਹੋਣ ਦਾ ਅਧਿਕਾਰ ਦੇਣਾ ਇਕ ਅਨੋਖਾ ਇਨਕਲਾਬੀ ਕਦਮ ਸੀ, ਜਿਸ ਨਾਲ ਇਸਤਰੀਆਂ ਦੀ ਸਮਾਜਿਕ ਸਥਿਤੀ ਵੀ ਉਚਤਮ ਦਰਜੇ ਤੇ ਪਹੁੰਚ ਗਈ ।

ਗੁਰੂ ਸਾਹਿਬ ਦੁਆਰਾ ਚੁੱਕੇ ਇਨ੍ਹਾਂ ਅਮਲੀ ਕਦਮਾਂ ਨੇ ਭਾਰਤ ਦੇ ਉੱਤਰੀ ਹਿੱਸੇ ਵਿੱਚ ਇਸਤਰੀਆਂ ਦੀ ਸਥਿਤੀ ਵਿੱਚ ਅਣਕਿਆਸਿਆ ਸੁਧਾਰ ਲਿਆਂਦਾ ਅਤੇ ਇਸਤਰੀਆਂ ਨੇ ਵੀ ਪੂਰਨ ਸ੍ਵੈਵਿਸ਼ਵਾਸ਼ੀ ਬਣ ਦੇਸ਼ ਅਤੇ ਕੌਮ ਦੀ ਮੁੜ ਉਸਾਰੀ ਵਿੱਚ ਪੂਰਾ ਯੋਗਦਾਨ ਪਾਇਆ।

## End Notes

---

[1] Kapur Singh, *Me Judice*, Amritsar: Chattar Singh Jeevan Singh, 2003, p. 55.
[2] ਭਾਈ ਗੁਰਦਾਸ,ਵਾਰ 1 ਪਉੜੀ 24.
[3] ਸ੍ਰੀ ਗੁਰੂ ਗਰੰਥ ਸਾਹਿਬ, ਅੰਗ 473.
[4] ਸ੍ਰੀ ਗੁਰੂ ਗਰੰਥ ਸਾਹਿਬ, ਅੰਗ 1187.
[5] ਸ੍ਰੀ ਗੁਰੂ ਗਰੰਥ ਸਾਹਿਬ, ਅੰਗ 561.
[6] ਸ੍ਰੀ ਗੁਰੂ ਗਰੰਥ ਸਾਹਿਬ, ਅੰਗ 561.
[7] ਭਾਈ ਗੁਰਦਾਸ, ਕਬਿਤ, 376.
[8] ਕੇਸਰ ਸਿੰਘ ਛਿਬਰ, ਬੰਸਾਵਲੀਨਾਮਾ, ਅਧਿਆਇ 2.
[9] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ਦਸਵੀਂ ਪੰ. 181.
[10] Teja Singh, *Essays in Sikhism*, Sikh University Press, (the Original from of Virginia), 1944, p. 48.
[11] Ibid.
[12] Susan Brownmiller, *Against Our Will: Men, Women, and Rape*, United Kingdom: Pelican Books, 1986, p. 31.
[13] ਸੰਤੋਖ ਸਿੰਘ, ਗੁਰਪ੍ਰਤਾਪ ਸੂਰਜ ਗ੍ਰੰਥ ੬.19.
[14] ਦੇਸਾ ਸਿੰਘ, ਰਹਿਤਨਾਮਾ ਭਾਈ ਦੇਸਾ ਸਿੰਘ), (ਐਡੀ.) **ਪਿਆਰਾ ਸਿੰਘ ਪਦਮ**, *ਰਹਿਤਨਾਮੇ*, **ਅੰਮ੍ਰਿਤਸਰ**: **ਸਿੰਘ ਬ੍ਰਦਰਜ**, 2010, pp. 128-129.
[15] ਭਾਈ ਗੁਰਦਾਸ, ਵਾਰ 12 ਪਉੜੀ 4.
[16] Bhai Nandlal ji, ਤਨਖਾਹਨਾਮਾ.
[17] ਸ੍ਰੀ ਗੁਰੂ ਗਰੰਥ ਸਾਹਿਬ, ਅੰਗ 1164.
[18] ਸ੍ਰੀ ਗੁਰੂ ਗਰੰਥ ਸਾਹਿਬ, ਅੰਗ 1095
[19] ਕੇਂਦਰੀ ਸ੍ਰੀ ਗੁਰੁ ਸਿੰਘ ਸਭਾ, ਇਸਤਰੀ ਵਿਸ਼ੇਸ਼ ਅੰਕ, ਪੰ. 55.
[20] ਕੇਸਰ ਸਿੰਘ ਛਿਬਰ, ਬੰਸਾਵਲੀਨਾਮਾ, **ਪਿਆਰਾ ਸਿੰਘ ਪਦਮ**, **ਰਹਿਤਨਾਮੇ**, ਪੰ. 143.